ਪੰਜਾਬੀਆਂ ਦਾ ਹਰਮਨ ਪਿਆਰਾ ਅਖ਼ਬਾਰ

Website:www.janjagranlive.com

ਜਲੰਧਰ ਤੋਂ ਪ੍ਰਕਾਸ਼ਿਤ



# ਜਨ ਜਾਗਰਣ



R.N.I No. PUNPUN/2011/44547

Email- janjagran1988@gmail.com

Daily Jan Jagran Jalandhar

ਸਾਲ : 15 ਅੰਕ : 129 ਦਿਨ : ਸ਼ਨੀਵਾਰ ਮਿਤੀ : 10 ਮਈ, 2025 ਮੁੱਲ : 1.00 ਰੁਪਏ ਫੋਨ : 099998-89104 ਕੁੱਲ ਸਫੇ = 8

## ਭਾਰਤ ਤੇ ਪਾਕਿਸਤਾਨ ਵਿਚ ਜਾਰੀ ਟਕਰਾਅ 'ਚ ਸਾਡਾ ਕੋਈ ਕੰਮ ਨਹੀਂ: ਵੈਂਸ

ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)-ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚ ਜਾਰੀ ਟਕਰਾਅ ਨਾਲ ਉਨ੍ਹਾਂ ਦਾ 'ਬੁਨਿਆਦੀ ਤੌਰ 'ਤੇ ਕੋਈ ਲੈਣਾ ਦੇਣਾ ਨਹੀਂ ਹੈ।' ਉਂਝ ਉਨ੍ਹਾਂ ਕਿਹਾ ਕਿ ਅਮਰੀਕਾ ਦੋਵਾਂ ਮੁਲਕਾਂ ਨੂੰ ਰਿਸ਼ਤਿਆਂ ਵਿਚਲੀ ਕਸ਼ੀਦਗੀ ਘਟਾਉਣ ਦੀ ਅਪੀਲ ਕਰਦਾ ਹੈ ਤੇ ਕੂਟਨੀਤਕ ਚੈਨਲਾਂ ਜ਼ਰੀਏ ਕੋਸ਼ਿਸ਼ਾਂ ਕਰਦਾ ਰਹੇਗਾ। ਵੈਂਸ ਨੇ ਫੌਕਸ ਨਿਊਜ਼ ਨੂੰ ਇਕ ਇੰਟਰਵਿਊ ਵਿਚ ਕਿਹਾ, "ਅਸੀਂ ਦੋਵਾਂ ਮੁਲਕਾਂ ਨੂੰ ਤਣਾਅ ਘਟਾਉਣ ਲਈ ਹੱਲਾਸ਼ੇਰੀ ਦੇ ਸਕਦੇ ਹਾਂ, ਪਰ ਅਸੀਂ ਜੰਗ ਦੇ ਵਿਚਕਾਰ ਨਹੀਂ ਫਸਣ ਜਾ ਰਹੇ ਕਿਉਂਕਿ ਮੂਲ ਰੂਪ ਵਿੱਚ ਸਾਡਾ ਕੋਈ ਕੰਮ ਨਹੀਂ ਹੈ ਅਤੇ ਇਸ ਨੂੰ ਕੰਟਰੋਲ ਕਰਨ ਦੀ ਅਮਰੀਕਾ ਦੀ ਯੋਗਤਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਤੁਸੀਂ ਜਾਣਦੇ ਹੋ, ਅਮਰੀਕਾ ਭਾਰਤੀਆਂ ਨੂੰ ਆਪਣੇ ਹਥਿਆਰ ਸੁੱਟਣ ਲਈ ਨਹੀਂ ਕਹਿ ਸਕਦਾ। ਅਸੀਂ ਪਾਕਿਸਤਾਨੀਆਂ ਨੂੰ ਹਥਿਆਰ ਸੁੱਟਣ ਲਈ ਨਹੀਂ ਕਹਿ ਸਕਦੇ। ਅਤੇ ਇਸ ਲਈ, ਅਸੀਂ ਕੂਟਨੀਤਕ ਚੈਨਲਾਂ ਰਾਹੀਂ ਇਸ ਚੀਜ਼ ਨੂੰ ਅੱਗੇ ਵਧਾਉਣਾ ਜਾਰੀ ਰੱਖਾਂਗੇ।"ਵੈਂਸ ਨੇ ਕਿਹਾ, "ਅਸੀਂ ਉਮੀਦ ਕਰਦੇ ਹਾਂ ਕਿ ਇੱਕ ਵਿਸ਼ਾਲ ਖੇਤਰੀ ਜੰਗੜਰੱਬ ਨਾ ਕਰੇ, ਇੱਕ ਪ੍ਰਮਾਣੂ ਟਕਰਾਅ ਵਿੱਚ ਨਾ ਬਦਲੇ। ਫਿਲਹਾਲ, ਸਾਨੂੰ ਨਹੀਂ ਲੱਗਦਾ ਕਿ ਅਜਿਹਾ ਹੋਣ ਵਾਲਾ ਹੈ।" ਵੈਂਸ ਦੀ ਇਹ ਟਿੱਪਣੀ ਉਦੋਂ ਆਈ ਹੈ ਜਦੋਂ ਪਾਕਿਸਤਾਨ ਨੇ ਵੀਰਵਾਰ ਰਾਤੀਂ ਜੰਮੂ, ਪਠਾਨਕੋਟ ਅਤੇ ਕਈ ਹੋਰ ਸ਼ਹਿਰਾਂ ਵਿੱਚ ਫੌਜੀ ਟਿਕਾਣਿਆਂ 'ਤੇ ਹਮਲਿਆਂ ਦੀ ਅਸਫਲ ਕੋਸ਼ਿਸ਼ ਕੀਤੀ ਹੈ। ਭਾਰਤ ਦੇ ਹਵਾਈ ਰੱਖਿਆ ਪ੍ਰਣਾਲੀ ਨੇ ਪਾਕਿਸਤਾਨ ਦੁਆਰਾ ਦਾਗੀਆਂ ਗਈਆਂ ਘੱਟੋ-ਘੱਟ ਅੱਠ ਮਿਜ਼ਾਈਲਾਂ ਨੂੰ ਹਵਾ ਵਿਚ ਹੀ ਰੋਕਿਆ ਅਤੇ ਬੇਅਸਰ ਕਰ ਦਿੱਤਾ।

## ਸਪੱਸ਼ਟ ਸਲਾਹਾਂ, ਕਾਰਜ ਯੋਜਨਾਵਾਂ ਜਨਤਾ ਤੱਕ ਪਹੁੰਚਾਈਆਂ ਜਾਣ: ਜਾਖੜ

ਚੰਡੀਗੜ੍ਹ, 9 ਮਈ (ਪੱਤਰ ਪ੍ਰੇਰਕ)-ਭਾਰਤ-ਪਾਕਿਸਤਾਨ ਤਣਾਅ ਵਿਚ ਵਾਧੇ ਦੇ ਵਿਚਕਾਰ ਪੰਜਾਬ ਭਾਜਪਾ ਮੁਖੀ ਸੁਨੀਲ ਜਾਖੜ ਨੇ



ਸ਼ੁੱਕਰਵਾਰ ਨੂੰ ਕਿਹਾ ਕਿ ਇਹ ਜ਼ਰੂਰੀ ਹੈ ਕਿ ਸਪੱਸ਼ਟ ਸਲਾਹਾਂ ਅਤੇ ਕਾਰਜ ਯੋਜਨਾਵਾਂ ਬਿਨਾਂ ਕਿਸੇ ਦੇਰੀ ਦੇ ਜਨਤਾ ਤੱਕ ਪਹੁੰਚਾਈਆਂ ਜਾਣ। ਉਨ੍ਹਾਂ ਕਿਹਾ ਕਿ ਕੁਝ ਖੇਤਰਾਂ ਵਿਚ ਬਲੈਕਆਊਟ, ਕੁਝ ਖੇਤਰਾਂ ਵਿਚ ਸਾਇਰਨ ਅਤੇ ਕਈ ਥਾਵਾਂ 'ਤੇ ਕੋਈ ਸੰਚਾਰ ਨਾ ਹੋਣ ਕਾਰਨ ਜਨਤਕ ਭੰਬਲਭੂਸਾ ਅਤੇ ਚਿੰਤਾਵਾਂ ਵਧ ਰਹੀਆਂ ਹਨ। ਜਾਖੜ ਨੇ 'ਐਕਸ' 'ਤੇ ਇਕ ਪੋਸਟ ਵਿਚ ਕਿਹਾ, "ਮੌਜੂਦਾ ਸੁਰੱਖਿਆ ਸਥਿਤੀ ਦੇ ਮੱਦੇਨਜ਼ਰ ਪ੍ਰਸ਼ਾਸਨ ਵੱਲੋਂ ਸਮੇਂ ਸਿਰ ਤਾਲਮੇਲ ਵਾਲੇ ਮਾਰਗਦਰਸ਼ਨ ਦੀ ਅਣਹੋਂਦ ਭੰਬਲਭੂਸਾ ਪੈਦਾ ਕਰਦੀ ਹੈ। ਇਹ ਜ਼ਰੂਰੀ ਹੈ ਕਿ ਸਪੱਸ਼ਟ ਸਲਾਹਾਂ ਅਤੇ ਕਾਰਜ ਯੋਜਨਾਵਾਂ ਨੂੰ ਬਿਨਾਂ ਦੇਰੀ ਕੀਤੇ ਜਨਤਾ ਤੱਕ ਪਹੁੰਚਾਇਆ ਜਾਵੇ।" ਉਨ੍ਹਾਂ ਅੱਗੇ ਕਿਹਾ, "ਮੈਂ ਗ੍ਰਹਿ ਮੰਤਰਾਲੇ ਅਤੇ ਰਾਜ ਅਧਿਕਾਰੀਆਂ ਦੋਵਾਂ ਨੂੰ ਜ਼ੋਰਦਾਰ ਅਪੀਲ ਕਰਦਾ ਹਾਂ ਕਿ ਉਹ ਲੋਕਾਂ ਲਈ ਤੁਰੰਤ ਸਪੱਸ਼ਟ, ਇਕਸਾਰ ਦਿਸ਼ਾ-ਨਿਰਦੇਸ਼ ਜਾਰੀ ਕਰਨ।

# ਰਾਜਨਾਥ ਵੱਲੋਂ ਸੀ ਡੀ ਐਸ ਤੇ ਤਿੰਨੋਂ ਸੈਨਾਵਾਂ ਦੇ ਮੁਖੀਆਂ ਨਾਲ ਸੁਰੱਖਿਆ ਹਾਲਾਤ ਦੀ ਸਮੀਖਿਆ

ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)-ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਵੱਲੋਂ ਭਾਰਤ ਦੇ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਨਾਕਾਮ ਕੋਸ਼ਿਸ਼ ਤੋਂ ਇਕ ਦਿਨ ਮਗਰੋਂ ਅੱਜ ਸਿਖਰਲੇ ਫੌਜੀ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਦੇਸ਼ ਦੇ ਸੁਰੱਖਿਆ ਹਾਲਾਤ ਦੀ ਵਿਆਪਕ ਸਮੀਖਿਆ ਕੀਤੀ। ਸੂਤਰਾਂ ਮੁਤਾਬਕ ਮੀਟਿੰਗ ਦੌਰਾਨ ਮੌਜੂਦਾ ਸੁਰੱਖਿਆ ਹਾਲਾਤ ਦੇ ਹਰੇਕ ਪਹਿਲੂ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿਚ ਚੀਫ਼ ਆਫ ਡਿਫੈਂਸ ਸਟਾਫ਼ ਜਨਰਲ ਅਨਿਲ ਚੌਹਾਨ, ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ, ਏਅਰ ਚੀਫ਼ ਮਾਰਸ਼ਲ ਏਪੀ ਸਿੰਘ ਤੇ ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਕੇ.ਤ੍ਰਿਪਾਠੀ ਮੌਜੂਦ ਸਨ। ਕਾਬਿਲੇਗੌਰ ਹੈ ਕਿ ਭਾਰਤ ਨੇ ਵੀਰਵਾਰ ਰਾਤੀਂ ਪਾਕਿਸਤਾਨੀ ਫੌਜ ਵੱਲੋਂ ਜੰਮੂ, ਪਠਾਨਕੋਟ, ਊਧਮਪੁਰ ਅਤੇ ਕੁਝ ਹੋਰ ਥਾਵਾਂ 'ਤੇ ਫੌਜੀ ਸਟੇਸ਼ਨਾਂ ਨੂੰ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ। ਪਾਕਿਸਤਾਨੀ ਕੋਸ਼ਿਸ਼ਾਂ ਨੂੰ



ਨਾਕਾਮ ਕਰਨ ਮਗਰੋਂ ਰੱਖਿਆ ਮੰਤਰਾਲੇ ਨੇ ਕਿਹਾ ਕਿ ਭਾਰਤ 'ਆਪਣੀ ਪ੍ਰਭੂਸੱਤਾ ਦੀ ਰੱਖਿਆ ਕਰਨ ਅਤੇ ਆਪਣੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।' ਭਾਰਤੀ ਫੌਜੀ ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨੀ ਡਰੋਨ ਅਤੇ ਮਿਜ਼ਾਈਲਾਂ ਨੂੰ ਭਾਰਤੀ ਹਥਿਆਰਬੰਦ ਬਲਾਂ ਨੇ ਪ੍ਰਭਾਵਸ਼ਾਲੀ ਢੰਗ ਬੇਅਸਰ ਕੀਤਾ ਅਤੇ ਦੁਸ਼ਮਣ ਦੀਆਂ ਨਾਪਾਕ ਕੋਸ਼ਿਸ਼ਾਂ ਨੂੰ ਨਾਕਾਮ ਬਣਾ ਦਿੱਤਾ। ਇਸ ਤੋਂ ਪਹਿਲਾਂ ਪਾਕਿਸਤਾਨ ਨੇ ਬੁੱਧਵਾਰ ਤੇ ਵੀਰਵਾਰ ਦੀ ਦਰਮਿਆਨੀ ਰਾਤ ਨੂੰ ਭਾਰਤ ਦੇ ਉੱਤਰੀ ਅਤੇ ਪੱਛਮੀ ਹਿੱਸਿਆਂ ਦੇ 15 ਸ਼ਹਿਰਾਂ ਵਿੱਚ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਭਾਰਤ ਸੁਰੱਖਿਆ ਬਲਾਂ ਨੇ ਨਾਕਾਮ ਕਰ ਦਿੱਤਾ। ਜਿਨ੍ਹਾਂ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਉਨ੍ਹਾਂ ਵਿਚ ਅਵੰਤੀਪੁਰਾ, ਸ੍ਰੀਨਗਰ, ਜੰਮੂ, ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਆਦਮਪੁਰ, ਬਠਿੰਡਾ, ਚੰਡੀਗੜ੍ਹ, ਨਲ, ਫਲੋਦੀ, ਉਤਰਲਾਈ ਅਤੇ ਭੁਜ ਸ਼ਾਮਲ ਸਨ।

# ਪਾਕਿਸਤਾਨ ਨਾਲ ਵਧਦੇ ਤਣਾਅ ਦੌਰਾਨ ਭਗਵੰਤ ਮਾਨ ਨੇ ਕੈਬਨਿਟ ਮੰਤਰੀਆਂ ਨੂੰ ਸਰਹੱਦੀ ਕਸਬਿਆਂ ਵਿੱਚ ਡੇਰਾ ਲਾਉਣ ਦੇ ਆਦੇਸ਼ ਦਿੱਤੇ

## ਪਾਕਿਸਤਾਨ ਨਾਲ ਵਧਦੇ ਤਣਾਅ ਦੌਰਾਨ ਲੋਕਾਂ ਨੂੰ ਪੂਰਨ ਸਹਿਯੋਗ ਦੇਣ ਦਾ ਅਹਿਦ ਲਿਆ

ਚੰਡੀਗੜ੍ਹ, 9 ਮਈ (ਪੱਤਰ ਪ੍ਰੇਰਕ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੈਬਨਿਟ ਮੰਤਰੀਆਂ ਨੂੰ ਸਰਹੱਦੀ ਖੇਤਰਾਂ ਵਿੱਚ ਪੱਕੇ ਤੌਰ 'ਤੇ ਡੇਰਾ ਲਾਉਣ ਦੇ ਆਦੇਸ਼ ਦਿੱਤੇ ਹਨ ਤਾਂ ਕਿ ਸੂਬੇ ਵਿੱਚ ਪੈਦਾ ਹੋਈ ਜੰਗ ਵਰਗੀ ਸਥਿਤੀ ਦੌਰਾਨ ਸੂਬੇ ਦੇ ਵਸਨੀਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇ। ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਸਰਹੱਦੀ ਖੇਤਰਾਂ ਦੇ ਮੰਤਰੀਆਂ ਨੂੰ ਰਾਹਤ ਕਾਰਜਾਂ ਦੀ ਨਿਗਰਾਨੀ ਲਈ ਆਪੋ-ਆਪਣੇ ਇਲਾਕਿਆਂ ਵਿੱਚ ਸਥਾਈ ਤੌਰ 'ਤੇ ਤਾਇਨਾਤ ਰਹਿਣ ਲਈ ਕਿਹਾ। ਉਨ੍ਹਾਂ ਕਿਹਾ ਕਿ ਹੋਰ ਮੰਤਰੀਆਂ ਨੂੰ ਵੀ ਰੋਟੇਸ਼ਨ (ਵਾਰੋ-ਵਾਰੀ) ਦੇ ਆਧਾਰ 'ਤੇ ਇਨ੍ਹਾਂ ਇਲਾਕਿਆਂ ਦਾ ਦੌਰਾ ਕਰਨਾ ਚਾਹੀਦਾ ਹੈ ਤਾਂ ਜੋ ਹੰਗਾਮੀ ਸਥਿਤੀ ਵਿੱਚ ਲੋਕਾਂ ਨੂੰ ਮਦਦ ਦਾ ਭਰੋਸਾ ਦਿੱਤਾ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੰਤਰੀ ਫਾਇਰ ਸਟੇਸ਼ਨਾਂ, ਹਸਪਤਾਲਾਂ,



ਰਾਸ਼ਨ ਡਿਪੂਆਂ ਅਤੇ ਹੋਰ ਥਾਵਾਂ ਦਾ ਦੌਰਾ ਕਰਨਗੇ ਤਾਂ ਜੋ ਇਨ੍ਹਾਂ ਖੇਤਰਾਂ ਦੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦੀ ਖੇਤਰਾਂ ਨਾਲ ਸਬੰਧਤ ਕੈਬਨਿਟ ਮੰਤਰੀ ਬਚਾਅ ਕਾਰਜਾਂ ਦੀ ਨਿਗਰਾਨੀ ਕਰਨਗੇ ਅਤੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦੇਣਗੇ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਮੰਤਰੀ ਸਰਹੱਦੀ ਖੇਤਰਾਂ ਦੇ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ ਅਤੇ ਉਨ੍ਹਾਂ ਦੇ ਹੱਲ ਨੂੰ ਯਕੀਨੀ ਬਣਾਉਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਲੋਕਾਂ ਨੂੰ ਔਖੀ ਘੜੀ ਵਿੱਚ ਕੋਈ ਮੁਸ਼ਕਲ ਨਾ ਆਵੇ। ਮੁੱਖ ਮੰਤਰੀ ਨੇ ਕਿਹਾ ਕਿ ਸਰਹੱਦ 'ਤੇ ਵਧ ਰਹੇ ਤਣਾਅ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬਾ ਸਰਕਾਰ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਵਚਨਬੱਧ ਹੈ। ਸਰਹੱਦੀ ਖੇਤਰ ਦੇ ਵਸਨੀਕਾਂ ਨਾਲ ਭਾਵੁਕ ਸਾਂਝ ਪਾਉਂਦੇਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੂਰਾ ਦੇਸ਼ ਉਨ੍ਹਾਂ ਦਾ ਰਿਣੀ ਹੈ ਕਿ ਉਨ੍ਹਾਂ ਨੇ ਸੂਬੇ ਦੇ ਸਰਹੱਦੀ ਇਲਾਕੇ ਵਿੱਚ ਰਹਿੰਦਿਆਂ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਖੇਤਰ ਦੇ ਬਹਾਦਰ ਲੋਕਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦੌਰਾਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੰਗ ਦੇ ਲਗਾਤਾਰ ਖ਼ਤਰੇ ਕਾਰਨ ਇਹ ਖੇਤਰ ਵਿਕਾਸ ਵਿੱਚ ਪੱਛੜ ਗਿਆ ਪਰ ਫਿਰ ਵੀ ਇਸ ਖੇਤਰ ਦੇ ਬਹਾਦਰ ਵਸਨੀਕਾਂ ਨੇ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਸੂਬਾ ਸਗੋਂ ਪੂਰਾ ਦੇਸ਼ ਇਨ੍ਹਾਂ ਲੋਕਾਂ ਦੀ ਹਿੰਮਤ, ਜਜ਼ਬੇ ਅਤੇ ਦੇਸ਼ ਭਗਤੀ ਲਈ ਰਿਣੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਧ ਰਹੇ ਤਣਾਅ ਦੇ ਮੱਦੇਨਜ਼ਰ ਸੂਬਾ ਸਰਕਾਰ ਇਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸੰਕਟ ਦੀ ਇਸ ਘੜੀ ਵਿੱਚ ਸੂਬੇ ਦੇ ਸਰਹੱਦੀ ਇਲਾਕਿਆਂ ਦੇ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਦੁੱਖ-ਤਕਲੀਫਾਂ ਸੁਣੇ। ਲੋਕਾਂ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹਰ ਕੀਮਤ 'ਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਢੁਕਵਾਂ ਕਦਮ ਚੁੱਕੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਹੱਦੀ ਖੇਤਰ ਦੇ ਵਾਸੀ ਸੱਚੇ ਦੇਸ਼ ਭਗਤ ਹਨ ਅਤੇ ਸੂਬਾ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜ਼ਰੂਰੀ ਵਸਤਾਂ ਦੀ ਕੋਈ ਕਮੀ ਨਹੀਂ ਹੈ, ਇਸ ਲਈ ਘਬਰਾਹਟ ਦੀ ਸਥਿਤੀ ਪੈਦਾ ਹੋਣ ਤੋਂ ਬਚਿਆ ਜਾਣਾ ਚਾਹੀਦਾ ਹੈ।

## ਭਾਰਤ ਨੇ ਪਾਕਿਸਤਾਨ ਦੇ ਕਈ ਹਮਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾਕਾਮ ਕੀਤਾ; ਫੌਜ ਨੇ ਦਿੱਤਾ ਸਖ਼ਤ ਜਵਾਬ

ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)-ਭਾਰਤ ਅਤੇ ਪਾਕਿਸਤਾਨ ਦਰਮਿਆਨ ਚੱਲ ਰਹੇ ਟਕਰਾਅ ਦੇ ਵਿਚਕਾਰ ਭਾਰਤੀ ਫੌਜ ਨੇ ਸ਼ੁੱਕਰਵਾਰ ਸਵੇਰੇ ਕਿਹਾ ਕਿ 8-9 ਮਈ ਦੀ ਰਾਤ ਨੂੰ ਪਾਕਿਸਤਾਨੀ ਹਥਿਆਰਬੰਦ ਫੌਜਾਂ ਵੱਲੋਂ ਭਾਰਤੀ ਖੇਤਰ 'ਤੇ ਕੀਤੇ ਗਏ, ਜਿਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾਕਾਮ ਕੀਤਾ ਗਿਆ ਅਤੇ ਢੁਕਵਾਂ ਜਵਾਬ ਦਿੱਤਾ ਗਿਆ ਹੈ। ਗੌਰਤਲਬ ਹੈ ਕਿ ਪਾਕਿਸਤਾਨ ਨੇ 8 ਅਤੇ 9 ਮਈ ਦੀ ਦਰਮਿਆਨੀ ਰਾਤ ਨੂੰ ਪੂਰੀ ਪੱਛਮੀ ਸਰਹੱਦ 'ਤੇ ਡਰੋਨ ਅਤੇ ਹੋਰ ਗੋਲਾ ਬਾਰੂਦ ਦੀ ਵਰਤੋਂ ਕਰਕੇ ਕਈ ਹਮਲੇ ਕੀਤੇ। ਇਸ ਦੌਰਾਨ ਪਾਕਿਸਤਾਨੀ ਫੌਜਾਂ ਨੇ ਜੰਮੂ-ਕਸ਼ਮੀਰ ਵਿਚ ਕੰਟਰੋਲ ਰੇਖਾ ਦੇ ਨਾਲ-ਨਾਲ ਕਈ ਜੰਗਬੰਦੀ ਉਲੰਘਣਾ ਵੀ ਕੀਤੀ। ਭਾਰਤੀ ਫੌਜ ਨੇ 'ਐਕਸ' 'ਤੇ ਕਿਹਾ, "ਡਰੋਨ ਹਮਲਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾਕਾਮ ਕਰਦਿਆਂ ਪਾਕਿ ਨੂੰ ਢੁਕਵਾਂ ਜਵਾਬ ਦਿੱਤਾ ਗਿਆ। ਅਸੀਂ ਰਾਸ਼ਟਰ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਰੱਖਿਆ ਲਈ ਵਚਨਬੱਧ ਹਾਂ। ਸਾਰੇ



ਨਾਪਾਕ ਮਨਸੂਬਿਆਂ ਦਾ ਜ਼ੋਰਦਾਰ ਜਵਾਬ ਦਿੱਤਾ ਜਾਵੇਗਾ।" ਇਸ ਤੋਂ ਇਲਾਵਾ ਪਾਕਿਸਤਾਨ ਨੇ ਵੀਰਵਾਰ ਰਾਤ ਨੂੰ ਭਾਰਤ ਨਾਲ ਫੌਜੀ ਝੜਪ ਨੂੰ ਵੀ ਤੇਜ਼ ਕਰ ਦਿੱਤਾ, ਸਪੱਸ਼ਟ ਤੌਰ 'ਤੇ ਟਕਰਾਅ ਨੂੰ ਵਧਾਉਣ ਦੀ ਧਮਕੀ ਦਿੱਤੀ ਅਤੇ ਇਹ ਹਮਲੇ ਸ਼ੁੱਕਰਵਾਰ ਤੜਕੇ ਤੱਕ ਜਾਰੀ ਰਹੇ। ਜ਼ਿਕਰਯੋਗ ਹੈ ਕਿ ਪਾਕਿਸਤਾਨ ਨੇ ਉੱਤਰੀ ਭਾਰਤ ਅਤੇ ਪੱਛਮੀ ਭਾਰਤ ਵਿਚ ਕਈ ਥਾਵਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਨਾਕਾਮ ਕਰਦਿਆਂ ਭਾਰਤੀ ਫੌਜ ਨੇ ਜਵਾਬੀ ਕਾਰਵਾਈ ਕੀਤੀ ਹੈ। ਹਾਲਾਂਕਿ ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਹੈ। ਵੀਰਵਾਰ ਰਾਤ ਨੂੰ ਚੀਫ਼ ਆਫ਼ ਡਿਫੈਂਸ ਸਟਾਫ਼ ਦੇ ਦਫ਼ਤਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਧ 'ਤੇ ਪੋਸਟ ਕੀਤਾ, "ਜੰਮੂ ਅਤੇ ਕਸ਼ਮੀਰ ਵਿਚ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਜੰਮੂ, ਪਠਾਨਕੋਟ ਅਤੇ ਊਧਮਪੁਰ ਦੇ ਫੌਜੀ ਸਟੇਸ਼ਨਾਂ ਨੂੰ ਪਾਕਿਸਤਾਨ ਨੇ ਮਿਜ਼ਾਈਲਾਂ ਅਤੇ ਡਰੋਨਾਂ ਦੀ ਵਰਤੋਂ ਕਰਕੇ ਨਿਸ਼ਾਨਾ ਬਣਾਇਆ, ਹਾਲਾਂਕਿ ਕਿਸੇ ਤਰ੍ਹਾਂ ਦੇ ਨੁਕਸਾਨ ਤੋਂ ਬਚਾਅ ਰਿਹਾ। ਭਾਰਤੀ ਹਥਿਆਰਬੰਦ ਬਲਾਂ ਨੇ ਗਤੀਸ਼ੀਲ ਅਤੇ ਗੈਰ-ਗਤੀਸ਼ੀਲ ਸਾਧਨਾਂ ਦੀ ਵਰਤੋਂ ਕਰਕੇ ਇਸ ਖ਼ਤਰੇ ਨੂੰ ਬੇਅਸਰ ਕਰ ਦਿੱਤਾ।" ਰੱਖਿਆ ਸੂਤਰਾਂ ਨੇ ਕਿਹਾ ਸੀ ਕਿ ਸਤਵਾਰੀ, ਸਾਂਬਾ, ਆਰਐੱਸ ਪੁਰਾ ਅਤੇ ਅਰਨੀਆ 'ਤੇ ਨਿਰਦੇਸ਼ਿਤ ਪਾਕਿਸਤਾਨ ਤੋਂ ਅੱਠ ਮਿਜ਼ਾਈਲਾਂ ਨੂੰ ਏਕੀਕ੍ਰਿਤ 'ਹਵਾਈ ਰੱਖਿਆ ਇਕਾਈਆਂ' ਦੁਆਰਾ ਰੋਕਿਆ ਗਿਆ ਸੀ। ਸੂਤਰਾਂ ਨੇ ਕਿਹਾ ਕਿ ਜੰਮੂ ਦੇ ਦ੍ਰਿਸ਼ ਸਾਨੂੰ ਇਜ਼ਰਾਈਲ 'ਤੇ 'ਹਮਾਸ' ਸ਼ੈਲੀ ਦੇ ਹਮਲੇ ਦੀ ਯਾਦ ਦਿਵਾਉਂਦੇਹਨ। ਭਾਰਤੀ ਖੁਫੀਆ ਏਜੰਸੀਆਂ ਨੇ ਸਰਕਾਰ ਨੂੰ ਹਮਾਸ ਦੀ ਪਾਕਿਸਤਾਨੀ ਖੁਫੀਆ ਏਜੰਸੀ ਆਈਐੱਸਆਈ ਨਾਲ ਹੋਈ ਮੀਟਿੰਗ ਬਾਰੇ ਵੀ ਸੂਚਿਤ ਕੀਤਾ ਹੈ।

ਉਧਰ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਬੀਤੀ ਰਾਤ ਕਿਹਾ ਸੀ ਕਿ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਭਾਰਤੀ ਵਿਦੇਸ਼ ਮੰਤਰੀ ਐਸੱ ਜੈਸ਼ੰਕਰ ਨੂੰ ਫੋਨ ਕਰ ਕੇ ਤੁਰੰਤ ਤਣਾਅ ਘਟਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਰੂਬੀਓ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੱਧੀ ਗੱਲਬਾਤ ਲਈ ਅਮਰੀਕੀ ਸਮਰਥਨ ਪ੍ਰਗਟ ਕੀਤਾ ਅਤੇ ਸੰਚਾਰ ਨੂੰ ਬਿਹਤਰ ਬਣਾਉਣ ਲਈ ਨਿਰੰਤਰ ਯਤਨਾਂ ਨੂੰ ਵਧਾਵਾ ਦਿੱਤਾ। ਮਾਰਕੋ ਰੂਬੀਓ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਮੁਹੰਮਦ ਸ਼ਾਹਬਾਜ਼ ਸ਼ਰੀਫ ਨਾਲ ਵੀ ਗੱਲ ਕੀਤੀ ਅਤੇ ਤੁਰੰਤ ਤਣਾਅ ਘਟਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

## ਚੀਨ ਵੱਲੋਂ ਭਾਰਤ ਤੇ ਪਾਕਿ ਨੂੰ 'ਸੰਜਮ' ਤੇ ਹਾਲਾਤ ਨੂੰ ਹੋਰ ਨਾ ਉਲ਼ਝਾਉਣ ਦੀ ਸਲਾਹ

ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)-ਭਾਰਤ ਤੇ ਪਾਕਿਸਤਾਨ 'ਚ ਜਾਰੀ ਫੌਜੀ ਤਣਾਅ ਦਰਮਿਆਨ ਚੀਨ ਨੇ ਦੋਵਾਂ ਮੁਲਕਾਂ ਨੂੰ 'ਸੰਜਮ ਵਰਤਣ' ਅਤੇ



ਅਜਿਹੀ ਕਾਰਵਾਈ ਕਰਨ ਤੋਂ 'ਪਰਹੇਜ਼' ਦੀ ਸਲਾਹ ਦਿੱਤੀ ਹੈ, ਜੋ ਹਾਲਾਤ ਨੂੰ ਹੋਰ ਉਲ਼ਝਾ ਸਕਦੀ ਹੈ। ਚੀਨੀ ਤਰਜਮਾਨ ਲਿਨ ਜਿਆਨ ਨੇ ਪੇਈਚਿੰਗ ਵਿੱਚ ਬ੍ਰੀਫਿੰਗ ਦੌਰਾਨ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਅਤਿਵਾਦ ਅਤੇ ਦੋਵਾਂ ਮੁਲਕਾਂ ਵਿਚ ਜਾਰੀ ਫੌਜੀ ਝੜਪ ਬਾਰੇ ਆਪਣਾ ਸਟੈਂਡ ਸਪੱਸ਼ਟ ਕੀਤਾ ਹੈ। ਉਨ੍ਹਾਂ ਕਿਹਾ, "ਭਾਰਤ ਅਤੇ ਪਾਕਿਸਤਾਨ ਇੱਕ ਦੂਜੇ ਦੇ ਗੁਆਂਢੀ ਹਨ ਅਤੇ ਹਮੇਸ਼ਾ ਰਹਿਣਗੇ। ਉਹ ਦੋਵੇਂ ਚੀਨ ਦੇ ਗੁਆਂਢੀ ਵੀ ਹਨ। ਚੀਨ ਹਰ ਤਰ੍ਹਾਂ ਦੇ ਅਤਿਵਾਦ ਦਾ ਵਿਰੋਧ ਕਰਦਾ ਹੈ।" ਉਨ੍ਹਾਂ ਕਿਹਾ, "ਅਸੀਂ ਦੋਵਾਂ ਧਿਰਾਂ ਨੂੰ ਸ਼ਾਂਤੀ ਅਤੇ ਸਥਿਰਤਾ ਦੇ ਵੱਡੇ ਹਿੱਤ ਵਿੱਚ ਕੰਮ ਕਰਨ, ਯੂਐੱਨ ਚਾਰਟਰ ਸਮੇਤ ਕੌਮਾਂਤਰੀ ਕਾਨੂੰਨ ਦੀ ਪਾਲਣਾ ਕਰਨ, ਸ਼ਾਂਤ ਰਹਿਣ, ਸੰਜਮ ਵਰਤਣ ਅਤੇ ਅਜਿਹੀਆਂ ਕਾਰਵਾਈਆਂ ਕਰਨ ਤੋਂ ਬਚਣ ਦੀ ਅਪੀਲ ਕਰਦੇ ਹਾਂ ਜੋ ਸਥਿਤੀ ਨੂੰ ਵਧੇਰੇ ਪੇਚੀਦਾ ਬਣਾ ਸਕਦੀਆਂ ਹਨ।" ਲਿਨ ਨੇ ਕਿਹਾ ਕਿ ਚੀਨ ਮੌਜੂਦਾ ਤਣਾਅ ਨੂੰ ਘੱਟ ਕਰਨ ਵਿੱਚ ਰਚਨਾਤਮਕ ਭੂਮਿਕਾ ਨਿਭਾਉਣ ਲਈ ਬਾਕੀ ਕੌਮਾਂਤਰੀ ਭਾਈਚਾਰੇ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੈ।

## ਨਵਾਜ਼ ਸ਼ਰੀ.ਫ ਵੱਲੋਂ ਕੂਟਨੀਤਕ ਚੈਨਲਾਂ ਜ਼ਰੀਏ ਭਾਰਤ ਨਾਲ ਟਕਰਾਅ ਘਟਾਉਣ ਦੀ ਵਕਾਲਤ: ਰਿਪੋਰਟ

ਲਾਹੌਰ, 9 ਮਈ (ਪੱਤਰ ਪ੍ਰੇਰਕ)- ਇੱਕ ਮੀਡੀਆ ਰਿਪੋਰਟ ਮੁਤਾਬਕ ਪਾਕਿਸਤਾਨ ਦੀ ਸਿਵਲ ਅਤੇ ਫੌਜੀ ਲੀਡਰਸ਼ਿਪ ਫੌਜੀ ਟਕਰਾਅ ਦਰਮਿਆਨ ਜਿੱਥੇ ਭਾਰਤ ਨੂੰ ਢੁਕਵਾਂ ਜਵਾਬ ਦੇਣ 'ਤੇ ਜ਼ੋਰ ਦੇ ਰਹੀ ਹੈ, ਉਥੇ ਮੁਲਕ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੱਲੋਂ ਨਵੀਂ ਦਿੱਲੀ ਨਾਲ ਤਣਾਅ ਨੂੰ ਘੱਟ ਕਰਨ ਲਈ ਕੂਟਨੀਤਕ ਚੈਨਲਾਂ ਨੂੰ ਮਜ਼ਬੂਤ ??ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੇ ਮੁਖੀ ਨਵਾਜ਼ ਸ਼ਰੀ.ਫ ਨੇ ਵੀਰਵਾਰ ਦੇਰ ਸ਼ਾਮ ਪ੍ਰਧਾਨ ਮੰਤਰੀ ਹਾਊਸ ਵਿਖੇ ਇੱਕ ਸੁਰੱਖਿਆ ਮੀਟਿੰਗ ਵਿੱਚ ਸ਼ਿਰਕਤ ਕੀਤੀ ਅਤੇ ਆਪਣੇ ਛੋਟੇ ਭਰਾ ਅਤੇ ਮੌਜੂਦਾ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀ.ਫ ਨੂੰ ਭਾਰਤ ਨਾਲ ਤਣਾਅ ਨੂੰ ਕੂਟਨੀਤਕ ਤੌਰ 'ਤੇ ਘੱਟ ਕਰਨ ਦੀ ਸਲਾਹ ਦਿੱਤੀ। ਰੋਜ਼ਨਾਮਚਾ ਐਕਸਪ੍ਰੈੱਸ ਟ੍ਰਿਬਿਊਨ ਨੇ ਕਿਹਾ, "ਵੱਡੇ ਸ਼ਰੀ.ਫ ਚਾਹੁੰਦੇ ਹਨ ਕਿ ਸਰਕਾਰ ਦੋਵਾਂ ਪ੍ਰਮਾਣੂ ਹਥਿਆਰਬੰਦ ਦੇਸ਼ਾਂ ਵਿਚਕਾਰ



ਸ਼ਾਂਤੀ ਬਹਾਲ ਕਰਨ ਲਈ ਸਾਰੇ ਉਪਲਬਧ ਕੂਟਨੀਤਕ ਸਰੋਤਾਂ ਦੀ ਵਰਤੋਂ ਕਰੇ।" ਰੋਜ਼ਨਾਮਚੇ ਨੇ ਨਵਾਜ਼ ਸ਼ਰੀ.ਫ ਦੇ ਹਵਾਲੇ ਨਾਲ ਕਿਹਾ, "ਮੈਂ (ਭਾਰਤ ਵਿਰੁੱਧ) ਹਮਲਾਵਰ ਰੁਖ਼ ਅਪਣਾਉਣ ਦੇ ਹੱਕ ਵਿੱਚ ਨਹੀਂ ਹਾਂ।" ਐਕਸਪ੍ਰੈਸ ਟ੍ਰਿਬਿਊਨ ਨੇ ਕਿਹਾ, "ਨਵਾਜ਼ ਸ਼ਰੀ.ਫ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਘਟਾਉਣ ਲਈ ਲੰਡਨ ਤੋਂ ਪਾਕਿਸਤਾਨ ਵਾਪਸ ਆਏ ਸਨ। ਉਹ ਪਰਦੇ ਪਿੱਛੇ ਕੰਮ ਕਰ ਰਹੇ ਸਨੜ ਪਰ ਵੀਰਵਾਰ ਨੂੰ ਨਵਾਜ਼ ਸ਼ਰੀ.ਫ ਦੀ ਐਂਟਰੀ ਦਾ ਮੁੱਖ ਮੰਤਵ ਪਰਦੇ ਪਿਛਲੇ ਸੰਪਰਕਾਂ ਨੂੰ ਮਜ਼ਬੂਤ ਕਰਨਾ ਹੈ।" ਅਖਬਾਰ ਨੇ ਕਿਹਾ ਕਿ ਨਵਾਜ਼ ਸ਼ਰੀਫ ਨੇ ਭਾਰਤ-ਪਾਕਿ ਤਣਾਅ ਦੀ ਸਮੀਖਿਆ ਲਈ ਪ੍ਰਧਾਨ ਮੰਤਰੀ ਹਾਊਸ ਵਿੱਚ ਸੱਦੀ ਗਈ ਉੱਚ-ਪੱਧਰੀ ਸਿਵਲ-ਫੌਜੀ ਮੀਟਿੰਗ ਵਿੱਚ ਸ਼ਿਰਕਤ ਕੀਤੀ। ਕਿਉਂਕਿ ਉਨ੍ਹਾਂ ਕੋਲ ਕੋਈ ਸਰਕਾਰੀ ਵਿਭਾਗ ਨਹੀਂ ਹੈ, ਇਸ ਲਈ ਉਹ ਸੱਤਾਧਾਰੀ ਪਾਰਟੀ ਸਰਕਾਰ ਦੇ ਮੁਖੀ ਦੀ ਹੈਸੀਅਤ ਵਿੱਚ ਮੀਟਿੰਗ ਵਿੱਚ ਸ਼ਾਮਲ ਹੋਏ। 1999 ਦੇ ਕਾਰਗਿਲ ਯੁੱਧ ਦੌਰਾਨ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਸਨ।

## ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਅਣਮਿੱਥੇ ਸਮੇਂ ਲਈ ਮੁਅੱਤਲ : ਵਿਦੇਸ਼ ਸਕੱਤਰ ਵਿਕਰਮ ਮਿਸਰੀ

ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)-ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਰਾਸ਼ਟਰੀ ਰਾਜਧਾਨੀ ਵਿੱਚ ਇੱਕ ਸਾਂਝੀ ਪ੍ਰੈਸ ਬ੍ਰੀਫਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ, 'ਮੌਜੂਦਾ ਸੁਰੱਖਿਆ ਸਥਿਤੀ ਦੇ ਮੱਦੇਨਜ਼ਰ ਪਾਕਿਸਤਾਨ ਨਾਲ ਤਣਾਅ ਵਧਣ ਅਤੇ ਕੰਟਰੋਲ ਰੇਖਾ ਦੇ ਪਾਰ ਗੁਆਂਢੀ ਦੇਸ਼ ਵੱਲੋਂ ਅੰਨ੍ਹੇਵਾਹ ਗੋਲੀਬਾਰੀ ਦੇ ਵਿਚਕਾਰ, ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਅਗਲੇ ਨੋਟਿਸ ਤੱਕ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਕਰਤਾਰਪੁਰ ਲਾਂਘਾ ਪਾਕਿਸਤਾਨ ਵਿੱਚ ਗੁਰਦੁਆਰਾ ਦਰਬਾਰ ਸਾਹਿਬ, ਸਿੱਖ ਧਰਮ ਦੇ ਸੰਸਥਾਪਕ, ਗੁਰੂ ਨਾਨਕ ਦੇਵ ਦੇ ਅੰਤਿਮ ਵਿਸ਼ਰਾਮ ਸਥਾਨ, ਨੂੰ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਡੇਰਾ ਬਾਬਾ ਨਾਨਕ ਗੁਰਦੁਆਰੇ ਨਾਲ ਜੋੜਦਾ ਹੈ। ਵੀਜ਼ਾ-ਮੁਕਤ 4.7 ਕਿਲੋਮੀਟਰ ਲੰਬਾ ਲਾਂਘਾ ਭਾਰਤੀ ਸਰਹੱਦ ਨੂੰ ਪਾਕਿਸਤਾਨ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਨਾਲ ਜੋੜਦਾ ਹੈ। ਇਹ ਕੋਰੀਡੋਰ 2019 ਵਿੱਚ ਸ਼ੁਰੂ ਹੋਇਆ ਸੀ। 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਨੇ ਕਰਤਾਰਪੁਰ ਲਾਂਘੇ ਦਾ ਆਪਣਾ ਪਾਸਾ ਬੰਦ ਕਰ ਦਿੱਤਾ ਹੈ। ਮਿਸਰੀ ਨੇ ਇਹ ਵੀ ਕਿਹਾ ਕਿ 'ਸਿੰਧੂ ਜਲ ਸੰਧੀ ਮੁਲਤਵੀ ਹੈ। ਪਾਕਿਸਤਾਨ ਨੂੰ ਨਵੇਂ ਬੇਲਆਊਟ ਫੰਡਾਂ ਨੂੰ ਮਨਜ਼ੂਰੀ ਦੇਣ ਲਈ ਅੱਜ ਆਈਐੱਮਐੱਫ ਦੀ ਇੱਕ ਮਹੱਤਵਪੂਰਨ ਮੀਟਿੰਗ 'ਤੇ



ਸਵਾਲਾਂ ਦੇ ਜਵਾਬ ਵਿੱਚ, ਮਿਸਰੀ ਨੇ ਕਿਹਾ, 'ਜਿੱਥੋਂ ਤੱਕ ਆਈਐੱਮਐੱਫ ਬੇਲਆਊਟ ਦਾ ਸਵਾਲ ਹੈ, ਤੁਹਾਨੂੰ ਪਤਾ ਹੈ ਕਿ ਆਈਐੱਮਐੱਫ ਅੱਜ ਇੱਕ ਮੀਟਿੰਗ ਕਰ ਰਿਹਾ ਹੈ। ਅਸੀਂ ਆਪਣੇ ਸਾਥੀ ਮੈਂਬਰਾਂ ਨਾਲ ਆਪਣਾ ਦ੍ਰਿਸ਼ਟੀਕੋਣ ਸਾਂਝਾ ਕਰਾਂਗੇ। ਇਹ ਬੋਰਡ 'ਤੇ ਨਿਰਭਰ ਕਰਦਾ ਹੈ ਕਿ ਅੰਤਮ ਫੈਸਲਾ ਕੀ ਹੁੰਦਾ ਹੈ।' ਮਿਸਰੀ ਨੇ ਅੱਗੇ ਕਿਹਾ ਕਿ ਭਾਰਤ ਨੇ ਅੱਜ ਸਵੇਰੇ ਪਾਕਿਸਤਾਨ ਦੁਆਰਾ ਕੀਤੀਆਂ ਗਈਆਂ ਗਤੀਵਿਧੀਆਂ ਦਾ 'ਜ਼ਿੰਮੇਵਾਰ ਅਤੇ ਨਿਆਂਪੂਰਨ ਤਰੀਕੇ ਨਾਲ' ਜਵਾਬ ਦਿੱਤਾ ਸੀ। ਪੱਛਮੀ ਮੋਰਚੇ 'ਤੇ ਪਾਕਿਸਤਾਨੀ ਫੌਜ ਨੇ 7 ਅਤੇ 8 ਮਈ ਦੀ ਰਾਤ ਨੂੰ ਭਾਰਤੀ ਫੌਜੀ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇਹੋਏ ਕਈ ਹਵਾਈ ਖੇਤਰ ਦੀ ਉਲੰਘਣਾ ਅਤੇ ਡਰੋਨ ਘੁਸਪੈਠ ਕੀਤੀ। ਵਿਦੇਸ਼ ਸਕੱਤਰ ਨੇ ਪਾਕਿਸਤਾਨ ਦੇ 'ਘਿਣਾਉਣੇ ਦਾਅਵਿਆਂ' ਨੂੰ ਰੱਦ ਕੀਤਾ ਕਿ ਭਾਰਤੀ ਫੌਜ ਨੇ ਆਪਣੇ ਹੀ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ ਸੀ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ, 'ਆਪਣੀਆਂ ਕਾਰਵਾਈਆਂ 'ਤੇ ਯਕੀਨ ਕਰਨ ਦੀ ਬਜਾਏ, ਪਾਕਿਸਤਾਨ ਨੇ ਇਹ ਬੇਤੁਕੇ ਅਤੇ ਘਿਣਾਉਣੇ ਦਾਅਵੇ ਕੀਤੇ ਕਿ ਇਹ ਭਾਰਤੀ ਹਥਿਆਰਬੰਦ ਸੈਨਾਵਾਂ ਹਨ ਜੋ ਅੰਮ੍ਰਿਤਸਰ ਵਰਗੇ ਆਪਣੇ ਹੀ ਸ਼ਹਿਰਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ।'

'ਪਾਕਿਸਤਾਨ ਨੇ ਗਲਤ ਜਾਣਕਾਰੀ ਫੈਲਾਈ ਕਿ ਭਾਰਤ ਨੇ ਡਰੋਨ ਹਮਲੇ ਰਾਹੀਂ ਨਨਕਾਣਾ ਸਾਹਿਬ ਗੁਰਦੁਆਰੇ ਨੂੰ ਨਿਸ਼ਾਨਾ ਬਣਾਇਆ, ਜੋ ਕਿ ਇੱਕ ਹੋਰ ਝੂਠ ਹੈ।'ਅੱਜ ਦੀ ਪ੍ਰੈਸ ਬ੍ਰੀਫਿੰਗ ਨੂੰ ਸੰਬੋਧਨ ਕਰਦਿਆਂ ਫੌਜ ਦੇ ਕਰਨਲ ਸੋਫੀਆ ਕੁਰੈਸ਼ੀ ਨੇ ਕਿਹਾ ਕਿ 36 ਥਾਵਾਂ 'ਤੇ 300 ਤੋਂ 400 ਡਰੋਨ ਤਾਇਨਾਤ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਕਈਆਂ ਨੂੰ ਭਾਰਤੀ ਫੌਜਾਂ ਨੇ ਗਤੀਸ਼ੀਲ ਅਤੇ ਗੈਰ-ਗਤੀਸ਼ੀਲ ਦੋਵਾਂ ਤਰੀਕਿਆਂ ਦੀ ਵਰਤੋਂ ਕਰਕੇ ਮਾਰ ਸੁੱਟਿਆ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਡਰੋਨ ਤੁਰਕੀ ਦੇ ਬਣੇ ਏਸਿਸਗਾਰਡ ਸੋਂਗਰ ਮਾਡਲ ਸਨ। ਕਰਨਲ ਕੁਰੈਸ਼ੀ ਨੇ ਦੱਸਿਆ ਕਿ ਭਾਰਤੀ ਹਥਿਆਰਬੰਦ ਸੈਨਾਵਾਂ ਨੇ ਸਿੱਧੇ (ਗਤੀਸ਼ੀਲ) ਅਤੇ ਅਸਿੱਧੇ (ਗੈਰ-ਗਤੀਸ਼ੀਲ) ਤਰੀਕਿਆਂ ਦੀ ਵਰਤੋਂ ਕਰਕੇ ਬਹੁਤ ਸਾਰੇ ਡਰੋਨਾਂ ਨੂੰ ਰੋਕਿਆ ਅਤੇ ਬੇਅਸਰ ਕੀਤਾ।



# ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਵਿੱਚ ਦੰਦਾਂ ਦਾ ਜਾਂਚ ਕੈਂਪ




ਮਾਛੀਵਾੜਾ, 9 ਮਈ (ਪੱਤਰ ਪ੍ਰੇਰਕ)- ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਵਿੱਚ ਦੰਦਾਂ ਦੀ ਜਾਂਚ ਸਬੰਧੀ ਕੈਂਪ ਲਗਾਇਆ ਗਿਆ ਜਿਸ ਵਿਚ ਸੁਸ਼ਾਂਤ ਡੈਂਟਲ ਕਲੀਨਿਕ ਮਾਛੀਵਾੜਾ ਸਾਹਿਬ ਦੀ ਟੀਮ ਨੇ ਵਿਦਿਆਰਥੀਆਂ ਦਾ ਚੈੱਕਅਪ ਕੀਤਾ। ਕੈਂਪ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ। ਇਸ ਮੌਕੇ ਸਕੂਲ ਦੇ 500 ਤੋਂ ਵੱਧ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਚੰਗੀ ਮੂੰਹ ਸਿਹਤ ਬਾਰੇ ਦਿਸ਼ਾ ਨਿਰਦੇਸ਼ ਦਿੱਤੇ ਗਏ। ਕੈਂਪ ਦਾ ਉਦੇਸ਼ ਸਕੂਲੀ ਬੱਚਿਆਂ ਵਿਚ ਦੰਦਾਂ ਦੀ ਸਫਾਈ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸਕੂਲ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਦੰਦਾਂ ਦੀ ਸਫਾਈ ਅਤੇ ਸਿਹਤ ਬਾਰੇ ਜਾਗਰੂਕ ਕੀਤਾ। ਇਸ ਮੌਕੇ ਡਾਕਟਰੀ ਟੀਮ ਨੂੰ ਇੱਕ ਪੌਦਾ, ਜੋ ਵਿਕਾਸ, ਸਦਭਾਵਨਾ ਅਤੇ ਨਵੇਂ ਰਿਸ਼ਤਿਆਂ ਦੇ ਖਿੜਨ ਨੂੰ ਦਰਸਾਉਂਦਾ ਹੈ, ਨਾਲ ਸਨਮਾਨਿਤ ਕੀਤਾ ਗਿਆ।

# ਹਮਲੇ ਦਾ ਦਰਦ ਔਰਤ ਦਾ ਪਾਸਪੋਰਟ ਭਾਰਤੀ, ਬੱਚਿਆਂ ਦਾ ਪਾਕਿਸਤਾਨੀ, ਵਤਨ ਜਾਣ ਦੀ ਨਹੀਂ ਮਿਲੀ ਇਜਾਜ਼ਤ



ਅਟਾਰੀ , 9 ਮਈ (ਪੱਤਰ ਪ੍ਰੇਰਕ)- ਭਾਰਤੀ ਔਰਤ ਫਰਹਤ ਨੇ ਅਟਾਰੀ ਸਰਹੱਦ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਸ ਦਾ ਜਨਮ ਦਿੱਲੀ ਵਿੱਚ ਹੋਇਆ ਸੀ। ਉਸ ਦੇ ਮਾਪਿਆਂ ਨੇ ਪਾਕਿਸਤਾਨ ਵਿਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਨਾਲ ਰਿਸ਼ਤੇਦਾਰੀ ਵਧਾਉਣ ਲਈ ਉਸ ਦਾ ਵਿਆਹ ਪਾਕਿਸਤਾਨ ਵਿਚ ਕਰਵਾ ਦਿੱਤਾ।ਅੱਠ ਸਾਲ ਪਹਿਲਾਂ ਫਰਹਤ ਦੇ ਤਿੰਨ ਬੱਚੇ ਸਨ। ਬੱਚੇ ਦਾਊਦ ਦੀ ਉਮਰ ਢਾਈ ਸਾਲ, ਲੜਕੀ ਹਫਸਾ ਪੰਜ ਸਾਲ ਅਤੇ ਵੱਡੇ ਪੁੱਤਰ ਦੀ ਉਮਰ ਸੱਤ ਸਾਲ ਹੈ।ਪੰਜ ਮਹੀਨਿਆਂ ਦੀ ਗਰਭਵਤੀ ਔਰਤ ਫਰਹਤ ਨੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਉਹ ਪਹਿਲਾਂ ਵੀ ਤਿੰਨ ਦਿਨਾਂ ਲਈ ਇੱਥੇ ਆਈ ਸੀ ਪਰ ਉਸ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਫਰਹਤ ਜੋ 45 ਦਿਨਾਂ ਦੇ ਵੀਜ਼ੇ 'ਤੇ ਭਾਰਤ ਆਈ ਸੀ, 28 ਦਿਨ ਪਹਿਲਾਂ ਆਪਣੇ ਬੱਚਿਆਂ ਨਾਲ ਆਪਣੇ ਪੇਕੇ ਆਈ ਸੀ ਉਸ ਨੇ ਕਿਹਾ ਕਿ ਉਹ ਤਿੰਨ ਵਾਰ ਅਟਾਰੀ ਸਰਹੱਦ 'ਤੇ ਪਹੁੰਚੀ ਅਤੇ ਉਸ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਹ ਗਰੀਬ ਹੈ। ਉਸ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਦੁਬਈ ਰਾਹੀਂ ਜਾ ਸਕਦੀ ਹੈ, ਉਹ ਇੰਨੇ ਪੈਸੇ ਕਿੱਥੋਂ ਲਿਆਵੇਗੀ।

# ਪਾਵਰਕੌਮ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਵੱਲੋਂ ਸਮਾਗਮ



ਖੰਨਾ, 9 ਮਈ (ਪੱਤਰ ਪ੍ਰੇਰਕ)-ਇਥੋਂ ਦੇ ਸੀਨੀਅਰ ਸਿਟੀਜਨ ਹਾਲ ਵਿੱਚ ਪਾਵਰਕੌਮ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ (ਏਟਕ) ਦੇ ਮੈਂਬਰਾਂ ਦੀ ਇੱਕਤਰਤਾ ਮੁਕੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ 70 ਸਾਲ ਦੀ ਉਮਰ ਪਾਰ ਕਰ ਚੁੱਕੇ ਸਾਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਆ ਗਿਆ। ਇਸ ਮੌਕੇ ਜਥੇਬੰਦੀ ਦਾ ਝੰਡਾ ਲਹਿਰਾਉਣ ਦੀ ਰਸਮ ਸੂਬਾ ਮੀਤ ਪ੍ਰਧਾਨ ਕੇਵਲ ਸਿੰਘ, ਪਾਲ ਸਿੰਘ ਮੁੰਡੀ, ਅਜ਼ਮੀਲ ਖਾਨ ਅਤੇ ਮੁਕੇਸ਼ ਕੁਮਾਰ ਨੇ ਸਾਂਝੇ ਤੌਰ 'ਤੇ ਨਿਭਾਈ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆ ਕਰ ਰਹੀ ਹੈ ਜਿਸ ਲਈ ਸਾਨੂੰ ਇਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਝੂਠੇ ਲਾਰੇ ਲਾ ਕੇ ਸੱਤਾ ਵਿਚ ਆਈ ਤੇ ਅੱਜ ਤੱਕ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ ਜਿਸ ਕਾਰਨ ਅੱਜ ਹਰ ਵਰਗ ਆਪਣੇ ਹੱਕਾਂ ਲਈ ਸੜਕਾਂ ਤੇ ਰੁਲਣ ਲਈ ਮਜ਼ਬੂਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੇਂ ਭਰਤੀ ਹੋਏ ਮੁਲਾਜ਼ਮਾਂ ਨੂੰ ਆਪਣੇ ਹਿੱਤਾਂ ਲਈ ਜਾਗਰੂਕ ਕਰਨਾ ਜਥੇਬੰਦੀ ਦਾ ਮੁੱਢਲਾ ਫਰਜ਼ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ ਨਹੀਂ ਤਾਂ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿਚ ਸੰਘਰਸ਼ ਤੇਜ਼ ਕਰਨਾ ਪਵੇਗਾ।ਇਸ ਮੌਕੇ ਜਥੇਬੰਦੀ ਵੱਲੋਂ ਮੁੱਖ ਸਲਾਹਕਾਰ ਪਾਲ ਸਿੰਘ ਮੁੰਡੀ, ਕੇਵਲ ਸਿੰਘ, ਅਜ਼ਮੀਲ ਖਾਨ, ਸਰਵਨ ਕੁਮਾਰ, ਸੁੰਦਰ ਲਾਲ ਨੂੰ ਮੋਮੈਂਟੋ ਅਤੇ ਲੋਈ ਦੇ ਕੇ ਸਨਮਾਨਿਤ ਕਰਦਿਆਂ ਤੰਦਰੁਸਤੀ ਦੀ ਕਾਮਨਾ ਕੀਤੀ। ਇਸ ਤੋਂ ਇਲਾਵਾ ਜੱਥੇਬੰਦੀ ਦੇ ਸੀਨੀਅਰ ਆਗੂ ਤੇ ਸ਼ੋਸ਼ਲ ਮੀਡੀਆ ਦੇ ਚਰਚਿੱਤ ਗਾਇਕ ਸੁਖਦੇਵ ਸਿੰਘ ਗੋਬਿੰਦਪੁਰਾ ਅਤੇ ਰੋਜ਼ਾਨਾ ਪੰਜਾਬ ਨਿਊਜ਼ ਲਾਈਵ ਦੇ ਮੁੱਖ ਸੰਪਾਦਕ ਪਰਮਜੀਤ ਸਿੰਘ ਧੀਮਾਨ ਨੂੰ ਖੰਨਾ ਮੰਡੀ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਖਦੇਵ ਸਿੰਘ ਨੇ ਆਪਣੀ ਬੁਲੰਦ ਅਵਾਜ਼ ਵਿਚ ਹਰਪਾਲ ਸਿੰਘ ਸ਼ਮਲਾ ਦੀਆਂ ਰਚਨਾਵਾਂ ਸੁਣਾ ਕੇ ਸੰਗੀਤਮਈ ਮਾਹੌਲ ਪੈਦਾ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਸਨੇਹਇੰਦਰ ਸਿੰਘ ਮੀਲੂ ਨੇ ਬਾਖੂਬੀ ਨਿਭਾਈ।

# ਨਗਰ ਕੌਂਸਲ ਮਾਛੀਵਾੜਾ ਵੱਲੋਂ ਜੈਵਿਕ ਖਾਦ ਦੀ ਸਟਾਲ




ਮਾਛੀਵਾੜਾ, 9 ਮਈ (ਪੱਤਰ ਪ੍ਰੇਰਕ)- ਨਗਰ ਕੌਂਸਲ ਮਾਛੀਵਾੜਾ ਦੀ ਸਵੱਛ ਭਾਰਤ ਮਿਸ਼ਨ ਟੀਮ ਵੱਲੋਂ ਅੱਜ ਇਥੇ ਜੈਵਿਕ ਖਾਦ ਦੀ ਸਟਾਲ ਲਗਾਈ ਗਈ। ਕਾਰਜ ਸਾਧਕ ਅਫਸਰ ਹਰਨਿੰਦਰ ਸਿੰਘ ਸ਼ੇਰ ਗਿੱਲ ਅਤੇ ਸੈਨਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਦੀ ਅਗਵਾਈ ਹੇਠ ਸੀ.ਐੱਫ ਨਵਰੀਤ ਕੌਰ ਤੇ ਸਮੂਹ ਟੀਮ, ਬ੍ਰਾਂਡ ਅੰਬੈਸਡਰ ਰੇਨੂੰ ਬੈਂਸ ਨੇ ਦੱਸਿਆ ਕਿ ਜੈਵਿਕ ਖਾਦ ਗਿੱਲੇ ਕੂੜੇ ਤੋਂ ਬਣਾਈ ਜਾਂਦੀ ਹੈ ਜੋ ਆਰਗੈਨਿਕ ਹੈ। ਉਨ੍ਹਾਂ ਕਿਹਾ ਕਿ ਇਹ ਖਾਦ ਫੁੱਲ, ਬੂਟਿਆਂ ਅਤੇ ਗਾਰਡਨ ਲਈ ਲਾਭਦਾਇਕ ਹੈ ਜਿਸ ਲਈ ਸ਼ਹਿਰ ਵਾਸੀ ਵੱਧ ਤੋਂ ਵੱਧ ਨਗਰ ਕੌਂਸਲ ਦਾ ਸਾਥ ਦੇਣ ਤਾਂ ਜੋ ਸ਼ਹਿਰ ਦੀ ਰੈਂਕਿੰਗ ਵਿਚ ਵਾਧਾ ਹੋ ਸਕੇ। ਉਨ੍ਹਾਂ ਕਿਹਾ ਕਿ ਵਾਤਾਵਰਨ ਬਚਾਉਣ ਦੇ ਲਈ ਸ਼ਹਿਰ ਵਾਸੀਆਂ ਨੂੰ ਪੌਦੇ ਜ਼ਰੂਰ ਲਗਾਣੇ ਚਾਹੀਦੇ ਹਨ ਤਾਂ ਜੋ ਸ਼ਹਿਰ ਨੂੰ ਮਿਲ ਕੇ ਸਾਫ਼ ਸੁਥਰਾ ਰੱਖਣ ਅਤੇ ਹਰਾ ਭਰਿਆ ਬਣਾਇਆ ਜਾ ਸਕੇ। ਇਸ ਮੌਕੇ ਸਮੂਹ ਸਟਾਫ਼ ਅਤੇ ਮੋਟੀਵੇਟਰ ਹਾਜ਼ਰ ਸਨ।

# ਪਾਕਿ ਵੱਲੋਂ ਕੰਟਰੋਲ ਰੇਖਾ ਦੇ ਨਾਲ ਬਿਨਾਂ ਭੜਕਾਹਟ ਦੇ ਫਾਇਰਿੰਗ ਤੇ ਗੋਲਾਬਾਰੀ

## ਭਾਰਤੀ ਫੌਜ ਨੇ ਕੁਪਵਾੜਾ, ਬਾਰਾਮੂਲਾ, ਉੜੀ ਤੇ ਅਖਨੂਰ ਸੈਕਟਰਾਂ ਵਿਚ ਗੋਲਾਬਾਰੀ ਦਾ ਢੁਕਵਾਂ ਜਵਾਬ ਦਿੱਤਾ

ਸ੍ਰੀਨਗਰ, 9 ਮਈ (ਪੱਤਰ ਪ੍ਰੇਰਕ)- ਭਾਰਤ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਦਹਿਸ਼ਤੀ ਟਿਕਾਣਿਆਂ 'ਤੇ ਹਮਲੇ ਤੋਂ ਇਕ ਦਿਨ ਮਗਰੋਂ ਪਾਕਿਸਤਾਨ ਨੇ ਬੁੱਧਵਾਰ ਰਾਤ ਨੂੰ ਜੰਮੂ ਕਸ਼ਮੀਰ ਵਿਚ ਕੰਟਰੋਲ ਰੇਖਾ ਤੇ ਕੌਮਾਂਤਰੀ ਸਰਹੱਦ ਦੇ ਨਾਲ ਗੋਲੇ ਦਾਗੇ ਤੇ ਫਾਇਰਿੰਗ ਵੀ ਕੀਤੀ। ਥਲ ਸੈਨਾ ਅਧਿਕਾਰੀ ਨੇ ਕਿਹਾ ਕਿ 7 ਤੇ 9 ਮਈ ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨੀ ਥਲ ਸੈਨਾ ਨੇ ਆਪਣੀਆਂ ਚੌਕੀਆਂ ਤੋਂ ਜੰਮੂ ਕਸ਼ਮੀਰ ਵਿਚ ਐੱਲਓਸੀ ਦੇ ਨਾਲ ਕੁਪਵਾੜਾ, ਬਾਰਾਮੂਲਾ, ਉੜੀ ਤੇ ਅਖਨੂਰ ਸੈਕਟਰਾਂ ਵਿਚ ਬਿਨਾਂ ਕਿਸੇ ਭੜਕਾਹਟ ਦੇ ਛੋਟੇ ਹਥਿਆਰਾਂ ਨਾਲ ਫਾਇਰਿੰਗ ਕੀਤੀ ਤੇ ਤੋਪਾਂ ਨਾਲ ਗੋਲੇ ਦਾਗੇ। ਫੌਜੀ ਅਧਿਕਾਰੀਆਂ ਨੇ ਕਿਹਾ ਕਿ ਭਾਰਤੀ ਫੌਜ ਨੇ ਇਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਮੰਗਲਵਾਰ ਅਤੇ ਬੁੱਧਵਾਰ ਦੀ ਰਾਤ ਨੂੰ ਪਾਕਿਸਤਾਨ ਵੱਲੋਂ ਉੱਤਰੀ ਕਸਮੀਰ ਵਿੱਚ ਕੰਟਰੋਲ ਰੇਖਾ () ਦੇ ਨਾਲ ਲੱਗਦੇ ਕਸਬਿਆਂ ਅਤੇ ਜੰਮੂ ਦੇ ਪੁਣਛ ਖੇਤਰ ਵਿੱਚ ਭਾਰੀ ਗੋਲਾਬਾਰੀ ਵਿੱਚ ਘੱਟੋ-ਘੱਟ 13 ਲੋਕ ਮਾਰੇ ਗਏ ਅਤੇ ਦਰਜਨਾਂ ਜਖਮੀ ਹੋ ਗਏ। ਸਥਾਨਕ ਨਿਵਾਸੀਆਂ ਨੇ ਕਿਹਾ ਕਿ ਉਨ੍ਹਾਂ ਨੇ ਹਾਲ ਹੀ ਦੇ ਸਾਲਾਂ ਵਿੱਚ ਇੰਨੀ ਤੇਜ ਗੋਲਾਬਾਰੀ ਨਹੀਂ ਦੇਖੀ। ਚੇਤੇ ਰਹੇ ਕਿ ਬੁੱਧਵਾਰ ਸਵੇਰੇ ਭਾਰਤ ਨੇ ਐਲਾਨ ਕੀਤਾ ਸੀ ਕਿ ਉਸ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸਮੀਰ () ਵਿੱਚ ਦਹਿਸ਼ਤੀ ਢਾਂਚੇ ਨੂੰ ਨਿਸਾਨਾ ਬਣਾਇਆ ਹੈ। ਇਸ ਦੌਰਾਨ ਖ਼ਬਰ ਏਜੰਸੀ ਪੀਟੀਆਈ ਦੀ ਇਕ ਰਿਪੋਰਟ ਮੁਤਾਬਕ ਵਿਦੇਸ਼ ਮੰਤਰਾਲੇ ਨੇ ਅੱਜ ਕਿਹਾ ਕਿ ਪਾਕਿਸਤਾਨ ਵੱਲੋਂ ਕੰਟਰੋਲ ਰੇਖਾ ਦੇ ਨਾਲ ਕੀਤੀ ਗੋਲੀਬੰਦੀ ਦੀ ਉਲੰਘਣਾ ਵਿਚ ਪੁਣਛ ਸੈਕਟਰ ਵਿਚ 13 ਆਮ ਨਾਗਰਿਕਾਂ ਦੀ ਜਾਨ ਜਾਂਦੀ ਰਹੀ ਹੈ ਜਦੋਂਕਿ ਕੁੱਲ 59 ਵਿਅਕਤੀ ਜ਼ਖ਼ਮੀ ਦੱਸੇ ਜਾਂਦੇ ਹਨ। ਮੰਤਰਾਲੇ ਨੇ ਕਿਹਾ ਕਿ ਜ਼ਖ਼ਮੀਆਂ 'ਚੋਂ 44 ਜਣੇ ਪੁਣਛ ਨਾਲ ਸਬੰਧਤ ਹਨ। ਦੋਵਾਂ ਮੁਲਕਾਂ ਵਿਚਾਲੇ ਵਧਦੀ ਤਲਖੀ ਦਰਮਿਆਨ ਸਥਾਨਕ ਅਥਾਰਟੀਜ਼ ਨੇ ਹੁਕਮ ਦਿੱਤਾ ਹੈ ਕਿ ਜੰਮੂ ਖੇਤਰ ਦੇ ਪੰਜ ਸਰਹੱਦੀ ਜ?ਿਲ੍ਹਿਆਂ ਵਿਚ ਸਾਰੇ ਵਿਦਿਅਕ ਅਦਾਰੇ ਵੀਰਵਾਰ ਨੂੰ ਦੂਜੇ ਦਿਨ ਵੀ ਬੰਦ ਰਹਿਣਗੇ।



# ਕਸਮੀਰੀ ਵਿਦਿਆਰਥੀਆਂ ਨੂੰ ਨੋਟਿਸ ਜਾਰੀ ਕਰਨ 'ਤੇ ਰੋਸ

ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)-ਅੱਜ ਦਿੱਲੀ ਯੂਨੀਵਰਸਿਟੀ ਦੀ 'ਆਇਸਾ' ਦੀ ਇਕਾਈ ਨੇ ਹੋਰ ਸੰਗਠਨਾਂ ਨਾਲ ਮਿਲ ਕੇ ਦਿੱਲੀ ਯੂਨੀਵਰਸਿਟੀ ਦੇ ਆਰਟਸ ਫੈਕਲਟੀ ਵਿੱਚ ਯੂਨੀਵਰਸਿਟੀ ਵੱਲੋਂ ਕਸਮੀਰੀ ਵਿਦਿਆਰਥੀਆਂ ਲਈ ਜਾਰੀ ਕੀਤੇ ਗਏ ਉਸ ਬੇਇਨਸਾਫੀ ਨੋਟਿਸ ਦੇ ਵਿਰੁੱਧ ਇੱਕ ਵਿਰੋਧ ਪ੍ਰਦਰਸਨ ਕੀਤਾ ਜਿਸ ਵਿੱਚ ਉਨ੍ਹਾਂ ਨੇ ਉਨ੍ਹਾਂ ਦੇ ਨਿੱਜੀ ਵੇਰਵੇ ਮੰਗੇ ਸਨ। ਆਇਸਾ ਕਾਰਕੁਨ ਸਾਵੀ ਨੇ ਇਕੱਠ ਨੂੰ ਸੰਬੋਧਨ ਕੀਤਾ ਤੇ ਕਿਹਾ ਕਿ ਇਸ ਤਰ੍ਹਾਂ ਦੇ ਨੋਟਿਸ ਬਹੁਤ ਹੀ ਵਿਤਕਰੇਪੂਰਨ ਅਤੇ ਗੈਰ-ਸੰਵਿਧਾਨਕ ਹਨ ਅਤੇ ਸਿਰਫ ਕਸਮੀਰੀ ਵਿਦਿਆਰਥੀਆਂ ਦੀ ਪ੍ਰੋਫਾਈਲਿੰਗ ਕਰਕੇ ਉਹ ਬਹੁਤ ਹੀ ਸੰਵੇਦਨਸੀਲ ਡੇਟਾ ਇਕੱਠਾ ਕਰ ਰਹੇ ਹਨ ਜਿਸ ਦੀ ਵਰਤੋਂ ਕਸਮੀਰੀ ਵਿਦਿਆਰਥੀਆਂ ਨੂੰ ਹੋਰ ਪ੍ਰੇਸ਼ਾਨ ਕਰਨ ਲਈ ਕੀਤੀ ਜਾ ਸਕਦੀ ਹੈ। ਤਨਵੀ ਨੇ ਅੱਗੇ ਕਿਹਾ ਕਿ ਦਿੱਲੀ ਯੂਨੀਵਰਸਿਟੀ ਵਿੱਚ ਅਜਿਹਾ ਬਰਦਾਸਤ ਨਹੀਂ ਕੀਤਾ ਜਾਵੇਗਾ ਅਤੇ ਨੋਟਿਸ ਦੀ ਨਿੰਦਾ ਕਰਦੇ ਹਾਂ ਅਤੇ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦੇ ਹਾਂ। ਕੱਲ੍ਹ ਕਾਰਕੁਨਾਂ ਵੱਲੋਂ ਪ੍ਰਬੰਧਕਾਂ ਦੇ ਦਫਤਰ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ ਸੀ, ਜਿਸ ਵਿੱਚ 'ਵਰਸਿਟੀ ਪ੍ਰਸਾਸਕ ਨੂੰ ਨੋਟਿਸ ਰੱਦ ਕਰਨ ਲਈ ਕਿਹਾ ਗਿਆ ਸੀ। ਆਇਸਾ ਵੱਲੋਂ ਕਿਹਾ ਗਿਆ ਕਿ ਜਥੇਬੰਦੀ ਇਸ ਦੀ ਨਿੰਦਾ ਕਰਦੀ ਹੈ ਅਤੇ ਉਦੋਂ ਤੱਕ ਲੜਦੀ ਰਹੇਗੀ ਜਦੋਂ ਤੱਕ ਉਹ ਨੋਟਿਸ ਨੂੰ ਹਟਾ ਨਹੀਂ ਲਿਆ ਜਾਂਦਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਜੇ ਇਹ ਨੋਟਿਸ ਹਟਾਇਆ ਨਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।


ਪਹਿਲਗਾਮ ਹਮਲੇ ਤੋਂ ਬਾਅਦ ਪਹਿਲਾਂ ਹੀ ਹਮਲਿਆਂ ਦਾ ਸਾਹਮਣਾ ਕਰ ਰਹੇ ਕਸਮੀਰੀ ਵਿਦਿਆਰਥੀਆਂ ਨੂੰ ਹੋਰ ਪ੍ਰੇਸ਼ਾਨ ਕਰਨ ਲਈ ਕੀਤੀ ਜਾ ਸਕਦੀ

# ਤੁੰਗਵਾਲੀ ਸਕੂਲ 'ਚ ਸਮਾਰਟ ਬੋਰਡ ਦੀ ਸ਼ੁਰੂਆਤ

ਭੁੱਚੋ ਮੰਡੀ, 9 ਮਈ (ਪੱਤਰ ਪ੍ਰੇਰਕ)-ਪਿੰਡ ਤੁੰਗਵਾਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ (ਬੇਰੀ ਵਾਲਾ) ਵਿੱਚ ਤੀਸਰੇ ਇੰਟਰ ਐਕਟਿਵ ਪੈਨਲ (ਸਮਾਰਟ ਬੋਰਡ) ਦੀ ਸ਼ੁਰੂਆਤ ਸਰਪੰਚ ਜੋਗਿੰਦਰ ਸਿੰਘ ਬਰਾੜ ਅਤੇ ਸਮਾਜ ਸੇਵੀ ਦਰਸ਼ਨ ਸਿੰਘ ਮਾਹਲ ਨੇ ਕੀਤੀ। ਉਨ੍ਹਾਂ ਸਕੂਲ ਸਟਾਫ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਸਰਪੰਚ ਜੋਗਿੰਦਰ ਸਿੰਘ ਬਰਾੜ ਨੇ ਸਟਾਫ ਦੇ ਇਸ ਤੋਂ ਖੁਸ਼ ਹੋ ਕੇ ਸਕੂਲ ਨੂੰ ਦਸ ਹਜ਼ਾਰ ਰੁਪਏ ਸਹਾਇਤਾ ਵਜੋਂ ਦਿੱਤੇ।ਮੁੱਖ ਅਧਿਆਪਕ ਅਮਨਦੀਪ ਸਿੰਘ ਨੇ ਸਰਪੰਚ ਅਤੇ ਸਮਾਜ ਸੇਵੀ ਦਰਸ਼ਨ ਸਿੰਘ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸਮਾਰਟ ਬੋਰਡ ਨਾਲ ਬੱਚਿਆਂ ਨੂੰ ਅਤਿ ਆਧੁਨਿਕ ਤਰੀਕਿਆਂ ਨਾਲ ਪੜ੍ਹਾਇਆ ਜਾ ਸਕੇਗਾ।

# ਨੌਜਵਾਨ ਦੀ ਕੁੱਟਮਾਰ ਕਰਨ ਦੇ ਦੋਸ਼ ਹੇਠ ਸੱਤ ਖਿਲਾਫ਼ ਕੇਸ ਦਰਜ

ਮਾਛੀਵਾੜਾ, 9 ਮਈ (ਪੱਤਰ ਪ੍ਰੇਰਕ)- ਬਲਾਕ ਦੇ ਪਿੰਡ ਲੁਹਾਰੀਆਂ ਵਿੱਚ ਬੀਤੇ ਦਿਨੀਂ ਇਕ ਨੌਜਵਾਨ ਦੀ ਕੁੱਟਮਾਰ ਕਰਕੇ ਉਸ ਦੀ ਵੀਡੀਓ ਵਾਈਰਲ ਕਰਨ ਦੇ ਦੋਸ਼ ਹੇਠ ਚਾਰ ਨੌਜਵਾਨਾਂ ਅਤੇ ਤਿੰਨ ਅਣਪਛਾਤਿਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਦਿਲਾਵਰ ਸਿੰਘ ਵਾਸੀ ਲੁਹਾਰੀਆਂ, ਜਗਦੀਪ ਸਿੰਘ ਉਰਫ਼ ਜੱਗੀ ਵਾਸੀ ਬੈਰਸਾਲ ਕਲਾਂ, ਸਵਰਨ ਸਿੰਘ ਵਾਸੀ ਮੁਬਾਰਕਪੁਰ ਅਤੇ ਮਾਲਟਾ ਵਜੋਂ ਹੋਈ ਹੈ। ਪੁਲੀਸ ਨੇ ਇਹ ਕਾਰਵਾਈ ਕੁੱਟਮਾਰ ਦੇ ਸ਼ਿਕਾਰ ਹੋਏ ਜਗਦੀਪ ਸਿੰਘ ਦੇ ਪਿਤਾ ਮਲਕੀਤ ਸਿੰਘ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ। ਪੁਲੀਸ ਨੇ ਮਲਕੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਦਿਲਾਵਰ ਸਿੰਘ, ਸਵਰਨ ਸਿੰਘ, ਜਗਦੀਪ ਸਿੰਘ ਉਰਫ਼ ਜੱਗੀ, ਮਾਲਟਾ ਸਣੇ 3 ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕਰ ਲਿਆ ਹੈ।ਪੁਲੀਸ ਵੱਲੋਂ ਸਵਰਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦ ਕਿ ਬਾਕੀਆਂ ਦੀ ਤਲਾਸ਼ ਜਾਰੀ ਹੈ।

# ਖਾਲਸਾ ਕਾਲਜਾਂ ਦੇ ਪ੍ਰਬੰਧਕਾਂ ਵੱਲੋਂ ਸਿਰਸਾ ਦਾ ਸਨਮਾਨ

## ਕਿਸਾਨ ਅੰਦੋਲਨ ਅਤੇ ਕਰੋਨਾ ਕਾਲ ਦੌਰਾਨ ਭਾਜਪਾ ਆਗੂ ਦੀ ਕਾਰਗੁਜਾਰੀ ਦੀ ਕੀਤੀ ਸ਼ਲਾਘਾ



ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)- ਮਾਤਾ ਸੁੰਦਰੀ ਕਾਲਜ ਫਾਰ ਵਿਮੈਨ ਦਿੱਲੀ ਯੂਨੀਵਰਸਿਟੀ ਦੇ ਮਾਤਾ ਸਾਹਿਬ ਕੌਰ ਆਡੀਟੋਰੀਅਮ ਵਿੱਚ ਗੁਰੂ ਨਾਨਕ ਦੇਵ ਖਾਲਸਾ ਕਾਲਜ ਅਤੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਆਫ਼ ਕਾਮਰਸ ਦੇ ਸਹਿਯੋਗ ਨਾਲ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਦਾ ਵਿਸ਼ੇਸ਼ ਸਨਮਾਨ ਸਮਾਰੋਹ ਰੱਖਿਆ ਗਿਆ। ਇਸ ਸਮਾਗਮ ਦਾ ਮੁੱਖ ਉਦੇਸ਼ ਮਨਜਿੰਦਰ ਸਿੰਘ ਸਿਰਸਾ ਵੱਲੋਂ ਸਿੱਖ ਸਮਾਜ ਦੀ ਭਲਾਈ ਲਈ ਕੀਤੇ ਗਏ ਪੰਥਕ ਕਾਰਜਾਂ ਨੂੰ ਧਿਆਨ ਹਿੱਤ ਰੱਖਦਿਆਂ ਦਿੱਲੀ ਯੂਨੀਵਰਸਿਟੀ ਦੇ ਸਬੰਧਤ ਕਾਲਜਾਂ ਨੇ ਸਨਮਾਨ ਕਰਨ ਦਾ ਉੱਦਮ ਕੀਤਾ। ਸਮਾਗਮ ਦੀ ਸ਼ੁਰੂਆਤ ਵੇਲੇ ਮਾਤਾ ਸੁੰਦਰੀ ਕਾਲਜ ਦੀ ਪ੍ਰਿੰਸੀਪਲ ਹਰਪ੍ਰੀਤ ਕੌਰ ਵੱਲੋਂ ਮਨਜਿੰਦਰ ਸਿੰਘ ਸਿਰਸਾ ਦੀ ਸਖ਼ਸੀਅਤ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। ਵਿਸ਼ੇਸ਼ ਮਹਿਮਾਨ ਵਜੋਂ ਸ?ਿਰਕਤ ਕਰਨ ਵਾਲੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਮਨਜਿੰਦਰ ਸਿਰਸਾ ਨੇ ਕਿਸਾਨ ਅੰਦੋਲਨ ਅਤੇ ਕਰੋਨਾ ਦੌਰਾਨ ਪ੍ਰਸ਼ੰਸਯੋਗ ਕੰਮ ਕੀਤਾ। ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਕਾਮਰਸ ਦੇ ਚੇਅਰਮੈਨ ਐੱਮਪੀਐੱਸ ਚੱਢਾ, ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਕਾਮਰਸ ਦੇ ਪ੍ਰਿੰਸੀਪਲ ਡਾ. ਜੀਬੀ ਸਿੰਘ ਨੇ ਸਿਰਸਾ ਦੇ ਜੀਵਨ ਬਾਰੇ ਚਾਨਣਾ ਪਾਇਆ। ਕੁਲਬੀਰ ਸਿੰਘ ਨੇ ਕਿਹਾ ਕਿ ਸਿਰਸਾ ਉੱਘੇ ਸਮਾਜ ਸੇਵਕ ਹੋਣ ਦੇ ਨਾਲ ਨਾਲ ਇਕ ਧਰਮ ਨਿਰਪੱਖ ਆਗੂ ਹਨ। ਮਨਜਿੰਦਰ ਸਿਰਸਾ ਨੇ ਸਭ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਆਪਣੀ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਦੱਸਿਆ। ਤਿੰਨਾਂ ਕਾਲਜਾਂ ਦੇ ਪ੍ਰਿੰਸੀਪਲਾਂ ਵੱਲੋਂ ਮਨਜਿੰਦਰ ਸਿਰਸਾ ਨੂੰ ਸਨਮਾਨਿਤ ਕੀਤਾ ਗਿਆ।

# ਵਿਧਾਨ ਸਭਾ ਵਿੱਚ ਥੈਲੇਸੀਮੀਆ ਜਾਗਰੂਕਤਾ ਪ੍ਰੋਗਰਾਮ

## ਸਪੀਕਰ ਵੱਲੋਂ ਮਰੀਜਾਂ ਦੀ ਦੇਖਭਾਲ ਕਰਨ ਦੀ ਅਪੀਲ;ਮਰੀਜਾਂ ਬਾਰੇ ਦਿੱਤੀ ਜਾਣਕਾਰੀ

ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)- ਅੰਤਰਰਾਸਟਰੀ ਥੈਲੇਸੀਮੀਆ ਦਿਵਸ 2025 ਦੇ ਮੌਕੇ 'ਤੇ ਦਿੱਲੀ ਵਿਧਾਨ ਸਭਾ ਵਿੱਚ ਵਿਸੇਸ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਸਪੀਕਰ ਵਿਜੇਂਦਰ ਗੁਪਤਾ ਨੇ ਸਾਰੇ ਹਿੱਸੇਦਾਰਾਂ ਨੂੰ ਥੈਲੇਸੀਮੀਆ ਦੇ ਮਰੀਜਾਂ ਲਈ ਦੇਖਭਾਲ, ਮਾਣ ਅਤੇ ਉਮੀਦ ਨਾਲ ਭਰੇ ਭਵਿੱਖ ਲਈ ਸਮੂਹਿਕ ਤੌਰ 'ਤੇ ਕੰਮ ਕਰਨ ਦੀ ਅਪੀਲ ਕੀਤੀ।ਉਨ੍ਹਾਂ ਥੈਲੇਸੀਮੀਆ ਦੇ ਮਰੀਜਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਦ੍ਰਿੜ ਇਰਾਦੇ ਦੀ ਪ੍ਰਸੰਸਾ ਕੀਤੀ ਅਤੇ ਉਨ੍ਹਾਂ ਨੂੰ ਸਮਾਜ ਲਈ ਪ੍ਰੇਰਨਾ ਸਰੋਤ ਕਿਹਾ।

ਇਹ ਸਮਾਗਮ ਦਿੱਲੀ ਵਿਧਾਨ ਸਭਾ ਕੰਪਲੈਕਸ ਵਿਖੇ ਨੈਸਨਲ ਥੈਲੇਸੀਮੀਆ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ । ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਉਨ੍ਹਾਂ ਦੇ ਨਾਲ ਮੁੱਖ ਮਹਿਮਾਨਾਂ ਵਿੱਚ ਸ੍ਰੀ ਹੰਸਰਾਜ ਗੰਗਾਰਾਮ ਅਹੀਰ, ਚੇਅਰਮੈਨ, ਰਾਸਟਰੀ ਪਛੜੇ ਵਰਗ ਕਮਿਸਨ ਅਤੇ ਸਾਬਕਾ ਗ੍ਰਹਿ ਰਾਜ ਮੰਤਰੀ, ਭਾਰਤ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਸ੍ਰੀਮਤੀ ਵਿਨੀਤਾ ਸ੍ਰੀਵਾਸਤਵ, ਰਾਸਟਰੀ ਸਿਹਤ ਅਥਾਰਟੀ, ਭਾਰਤ ਸਰਕਾਰ ਅਤੇ ਡਾ. ਜੇਐੱਸ ਐਨਟੀਡਬਲਿਊਐੱਸ ਦੇ ਜਨਰਲ ਸਕੱਤਰ ਅਰੋੜਾ ਮੌਜੂਦ ਸਨ। ਭਾਰਤ ਥੈਲੇਸੀਮੀਆ ਤੋਂ ਸਭ ਤੋਂ ਵੱਧ ਪ੍ਰਭਾਵਿਤ ਦੇਸਾਂ ਵਿੱਚੋਂ ਇੱਕ ਹੈ, ਜਿੱਥੇ 50 ਮਿਲੀਅਨ ਤੋਂ ਵੱਧ ਲੋਕ ਇਸ ਬਿਮਾਰੀ ਦੇ ਮਰੀਜ ਹਨ ਅਤੇ ਹਰ ਸਾਲ ਅੰਦਾਜਨ 12,000 ਤੋਂ 15,000 ਬੱਚੇ ਥੈਲੇਸੀਮੀਆ ਮੇਜਰ ਨਾਲ ਪੈਦਾ ਹੁੰਦੇ ਹਨ। ਬੋਨ ਮੈਰੋ ਟ੍ਰਾਂਸਪਲਾਂਟ ਇੱਕੋ ਇੱਕ ਸਥਾਈ ਇਲਾਜ ਹੈ ਪਰ ਇਹ ਮਹਿੰਗਾ ਹੈ ਅਤੇ ਦਾਨੀ ਦੀ ਉਪਲਬਧਤਾ 'ਤੇ ਨਿਰਭਰ ਕਰਦਾ ਹੈ।



# ਰਾਹਗੀਰਾਂ ਤੋਂ ਲੁੱਟ-ਖੋਹ ਕਰਨ ਦੇ ਦੋਸ਼ ਹੇਠ ਤਿੰਨ ਗ੍ਰਿਫ਼ਤਾਰ

ਲੁਧਿਆਣਾ, 9 ਮਈ (ਪੱਤਰ ਪ੍ਰੇਰਕ)- ਸ਼ਹਿਰ ਵਿੱਚ ਹਥਿਆਰ ਦਿਖਾ ਕੇ ਰਾਹਗੀਰਾਂ ਕੋਲੋਂ ਲੁੱਟ-ਖੋਹ ਕਰਨ ਵਾਲੇ ਤਿੰਨ ਮੁਲਜ਼ਮਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਹੈ। ਥਾਣਾ ਡਿਵੀਜਨ ਨੰਬਰ 6 ਦੀ ਪੁਲੀਸ ਨੇ ਤਿੰਨ ਮੁਲਜ਼ਮਾਂ ਕੋਲੋਂ 7 ਮੋਬਾਈਲ ਫੋਨ ਤੇ ਮੋਟਰਸਾਈਕਲ ਬਰਾਮਦ ਕੀਤੇ ਹਨ। ਮੁਲਜ਼ਮਾਂ ਨੂੰ ਪੁਲੀਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਚੇਤ ਸਿੰਘ ਨਗਰ ਇਲਾਕੇ ਵਿੱਚ ਫਾਟਕਾਂ ਨੇੜੇ ਨਾਕੇ ਲਗਾ ਕੇ ਗ੍ਰਿਫ਼ਤਾਰ ਕੀਤਾ। ਪੁਲੀਸ ਨੇ ਉਨ੍ਹਾਂ ਦੇ ਕਬਜ਼ੇ 'ਚੋਂ ਵੱਖ-ਵੱਖ ਕੰਪਨੀਆਂ ਦੇ ਸੱਤ ਮੋਬਾਈਲ, ਲੁੱਟ ਦੀਆਂ ਘਟਨਾਵਾਂ 'ਚ ਵਰਤਿਆ ਮੋਟਰਸਾਈਕਲ ਅਤੇ 4,500 ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਮੁਲਜ਼ਮਾਂ ਦੀ ਪਛਾਣ ਜਸਵੰਤ ਸਿੰਘ ਜੱਸਾ ਵਾਸੀ ਜਸਪਾਲ ਬਾਂਗਰ , ਬੱਬੂ ਮਹਿਤਾ ਵਾਸੀ ਗੁਰਬਚਨ ਨਗਰ, ਡਾਬਾ ਰੋਡ ਅਤੇ ਸਾਹਿਲ ਕੁਮਾਰ ਉਰਫ ਸਾਹਿਲ ਯਾਦਵ ਵਜੋਂ ਹੋਈ ਹੈ। ਉਨ੍ਹਾਂ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ। ਪੁਲੀਸ ਵੱਲੋਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ।ਜਿੱਥੋਂ ਉਸਨੂੰ ਇੱਕ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ।

# 'ਅਪਰੇਸ਼ਨ ਸਿੰਦੂਰ' ਮਗਰੋਂ ਅਲਕਾਇਦਾ ਵੱਲੋਂ ਭਾਰਤੀ ਉਪ ਮਹਾਂਦੀਪ 'ਚ 'ਜਿਹਾਦ' ਦਾ ਸੱਦਾ

ਨਵੀਂ ਦਿੱਲੀ, 9 ਮਈ (ਪੱਤਰ ਪ੍ਰੇਰਕ)- ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦਰਮਿਆਨ ਅਲ-ਕਾਇਦਾ ਨੇ ਭਾਰਤੀ ਹਥਿਆਰਬੰਦ ਬਲਾਂ ਦੇ 'ਅਪਰੇਸ਼ਨ ਸਿੰਦੂਰ' ਦੀ ਨਿਖੇਧੀ ਕਰਦਿਆਂ ਭਾਰਤੀ ਉਪ-ਮਹਾਂਦੀਪ ਵਿੱਚ ਨਵੇਂ ਸਿਰੇ ਤੋਂ ਜਿਹਾਦ ਦਾ ਸੱਦਾ ਦਿੱਤਾ ਹੈ। ਭਾਰਤੀ ਫੌਜ ਨੇ ਲੰਘੇ ਦਿਨ 'ਆਪਰੇਸ਼ਨ ਸਿੰਦੂਰ' ਤਹਿਤ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਦਹਿਸ਼ਤੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ ਸੀ। ਇਹ ਪੂਰਾ ਅਪਰੇਸ਼ਨ ਪਹਿਲਗਾਮ ਦਹਿਸ਼ਤੀ ਹਮਲੇ ਦੀ ਜਵਾਬੀ ਕਾਰਵਾਈ ਵਜੋਂ ਚਲਾਇਆ ਗਿਆ ਸੀ। ਪਹਿਲਗਾਮ ਹਮਲੇ ਵਿਚ 26 ਵਿਅਕਤੀਆਂ, ਜਿਨ੍ਹਾਂ ਵਿਚ ਬਹੁਤੇ ਸੈਲਾਨੀ ਸਨ, ਦੀ ਜਾਨ ਜਾਂਦੀ ਰਹੀ ਸੀ। ਅਲ ਕਾਇਦਾ ਇਨ ਇੰਡੀਅਨ ਸਬ-ਕੌਂਟੀਨੈਂਟ () ਨੇ ਇਕ ਬਿਆਨ ਵਿਚ ਕਿਹਾ, ''ਇਸਲਾਮ ਦੇ ਮੁਜਾਹੀਦੀਨਾਂ ਤੇ ਉਪ ਮਹਾਂਦੀਪ ਦੇ ਮੁਸਲਮਾਨਾਂ ਲਈ ਭਾਰਤ ਖਿਲਾਫ਼ ਇਹ ਜੰਗ ਜਿਹਾਦ ਫੀ ਸਬੀਲਿਲ੍ਹਾ ਹੈ। ਅੱਲ੍ਹਾਂ ਦੀ ਇਸ ਦੁਨੀਆ ਵਿਚ ਇਸਲਾਮ ਤੇ ਮੁਸਲਮਾਨਾਂ ਦੀ ਰਾਖੀ ਤੇ ਉਪ ਮਹਾਂਦੀਪ ਦੇ ਦੱਬੇ ਕੁਚਲੇ ਲੋਕਾਂ ਦੀ ਹਮਾਇਤ ਲਈ ਇਸ ਸੰਘਰਸ਼/ਜਿਹਾਦ ਵਿਚ ਕੁੱਦਣਾ ਸਾਡਾ ਫਰਜ਼ ਹੈ ਹੁਣ ਉਪ-ਮਹਾਂਦੀਪ ਦੇ ਮੁਸਲਮਾਨਾਂ ਲਈ ਇਨ੍ਹਾਂ ਮੰਤਵਾਂ ਦੀ ਹਮਾਇਤ ਵਿਚ ਖੜ੍ਹਨਾ ਪਹਿਲਾਂ ਨਾਲੋਂ ਕਿਤੇ ਵੱਧ ਜਰੂਰੀ ਹੈ।'' ਇਸ ਵਿੱਚ ਕਿਹਾ ਗਿਆ ਹੈ, ''6 ਮਈ, 2025 ਦੀ ਰਾਤ ਨੂੰ, ਭਾਰਤੀ 'ਭਗਵਾ' ਸਰਕਾਰ ਨੇ ਪਾਕਿਸਤਾਨ ਵਿੱਚ ਛੇ ਥਾਵਾਂ 'ਤੇ ਬੰਬ ਧਮਾਕੇ ਕੀਤੇ, ਖਾਸ ਤੌਰ 'ਤੇ ਮਸਜਿਦਾਂ ਅਤੇ ਬਸਤੀਆਂ ਨੂੰ ਨਿਸਾਨਾ ਬਣਾਇਆ। ਇਨ੍ਹਾਂ ਬੰਬ ਧਮਾਕਿਆਂ ਵਿੱਚ ਕਥਿਤ ਕਈ ਮੁਸਲਮਾਨਾਂ ਦੀ ਸਹਾਦਤ ਅਤੇ ਜਖਮੀ ਹੋਣ ਦੀ ਖਬਰ ਹੈ ਬਿਨਾਂ ਸੱਕ, ਇਹ ਬੰਬ ਧਮਾਕਾ 'ਭਗਵਾ' ਨਿਜ਼ਾਮ ਵੱਲੋਂ ਕੀਤੇ ਗਏ ਅਪਰਾਧਾਂ ਦੀ ਲੰਮੀ ਸੂਚੀ ਵਿੱਚ ਇੱਕ ਹੋਰ ਕਾਲਾ ਅਧਿਆਇ ਜੋੜਦਾ ਹੈ।'' ਇਸ ਵਿਚ ਅੱਗੇ ਕਿਹਾ ਗਿਆ, ''ਇਹ ਸਭ ਜਾਣਦੇ ਹਨ ਕਿ ਇਸਲਾਮ ਅਤੇ ਮੁਸਲਮਾਨਾਂ ਵਿਰੁੱਧ ਭਾਰਤ ਦੀ ਜੰਗ ਪਹਿਲਗਾਮ ਵਿੱਚ ਹਾਲ ਹੀ ਵਿੱਚ ਵਾਪਰੀ ਘਟਨਾ ਨਾਲ ਸੁਰੂ ਨਹੀਂ ਹੋਈ ਸੀ, ਇਹ ਹਮਲਾ ਦਹਾਕਿਆਂ ਤੋਂ ਜਾਰੀ ਹੈ। ਭਾਰਤ ਅਤੇ ਕਸਮੀਰ ਦੇ ਮੁਸਲਮਾਨਾਂ ਨੇ ਇਤਿਹਾਸ ਦੇ ਕੁਝ ਸਭ ਤੋਂ ਭੈੜੇ ਜ਼ੁਲਮ ਹੰਢਾਏ ਹਨ।'' ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ, 'ਹਿੰਦੂਤਵ-ਸੰਚਾਲਿਤ 'ਭਗਵਾ' ਅਤਿਵਾਦੀ ਅਤੇ ਉਨ੍ਹਾਂ ਦੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਇਸ ਸਮੇਂ ਪੂਰੇ ਉਪ-ਮਹਾਂਦੀਪ ਵਿੱਚੋਂ ਇਸਲਾਮ ਅਤੇ ਮੁਸਲਮਾਨਾਂ ਨੂੰ ਖਤਮ ਕਰਨ ਲਈ ਇੱਕ ਫੌਜੀ, ਰਾਜਨੀਤਿਕ, ਸੱਭਿਆਚਾਰਕ, ਵਿਚਾਰਧਾਰਕ ਅਤੇ ਮੀਡੀਆ-ਅਧਾਰਿਤ ਯੁੱਧ ਲੜ ਰਹੀ ਹੈ।''



# ਗੀਤਾ ਮਾਤਾ ਮੰਦਰ 'ਚ ਮਾਂ ਬਾਗਲਾਮੁਖੀ ਜੈਅੰਤੀ ਮਨਾਈ



ਲੁਧਿਆਣਾ, 9 ਮਈ (ਪੱਤਰ ਪ੍ਰੇਰਕ)- ਮਾਂ ਬਾਗਲਾਮੁਖੀ ਦੀ ਜੈਅੰਤੀ ਮੌਕੇ ਗੀਤਾ ਮਾਤਾ ਮੰਦਰ ਵਿਕਾਸ ਨਗਰ ਪੱਖੋਵਾਲ ਰੋਡ ਵਿੱਚ ਹਵਨ ਅਤੇ ਮਾਤਾ ਦੀ ਚੌਕੀ ਪ੍ਰਧਾਨ ਅਰਕੇ ਸਲੂਜਾ ਅਤੇ ਜਨਰਲ ਸਕੱਤਰ ਪ੍ਰਦੀਪ ਢੱਲ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਸੰਤ ਰਾਮਪਾਲ ਸੈਣੀ, ਸਾਧਵੀ ਰਾਜ ਰਾਜੇਸ਼ਰੀ ਅਤੇ ਸਾਧਵੀ ਲਤਾ ਨੇ ਸੰਗਤ ਨੂੰ ਪ੍ਰਵਚਨ ਦਿੱਤੇ ਅਤੇ ਧਾਰਮਿਕ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਦੀਦੀ ਮਧੂ ਪ੍ਰਿਆ ਨੇ ਧਾਰਮਿਕ ਗੀਤ ਪੇਸ਼ ਕੀਤੇ। ਇਸਾਈ ਆਗੂ ਐਲਬਰਟ ਦੁਆ ਨੇ ਕਿਹਾ ਕਿ ਬੰਦਾ ਕਿਸੇ ਵੀ ਧਰਮ ਨੂੰ ਮਾਣਦਾ ਹੋਵੇ ਪਰ ਰਸਤੇ ਅਲੱਗ ਅਲੱਗ ਹੋ ਸਕਦੇ ਹਨ ਪਰ ਮੰਜਿਲ ਇੱਕ ਹੀ ਹੈ।

# ਬਲੈਕ ਆਊਟ: ਸਾਢੇ 8 ਵਜਦਿਆਂ ਹੀ ਹਨੇਰੇ 'ਚ ਡੁੱਬ ਗਿਆ ਸ਼ਹਿਰ ਸੰਗਰੂਰ

ਸੰਗਰੂਰ , 9 ਮਈ (ਪੱਤਰ ਪ੍ਰੇਰਕ)-ਸ਼ਾਮ ਦੇ ਸਾਢੇ 8 ਵਜਦਿਆਂ ਹੀ ਸ਼ਹਿਰ ਦੇ ਸਦਰ ਬਾਜਾਰ 'ਚ ਖਤਰੇ ਦਾ ਘੁੱਗੂ (ਸਾਈਰਨ) ਵੱਜਣ ਲੱਗ ਪਿਆ ਅਤੇ ਰੋਜਾਨਾ ਰੋਸ਼ਨੀ ਨਾਲ ਸਰੋਬਾਰ ਰਹਿਣ ਵਾਲਾ ਸੰਗਰੂਰ ਸਾਰਾ ਸ਼ਹਿਰ ਬੁੱਧਵਾਰ ਨੂੰ ਬਲੈਕ ਆਊਟ ਤਹਿਤ ਹਨੇਰੇ ਵਿਚ ਡੁੱਬ ਗਿਆ।

ਆਲੇ-ਦੁਆਲੇ ਕਿਧਰੇ ਵੀ ਥੋੜ੍ਹੀ ਜਿਹੀ ਰੋਸ਼ਨੀ ਨਜਰ ਨਹੀਂ ਸੀ ਆ ਰਹੀ। ਜਿਕਰਯੋਗ ਹੈ ਕਿ ਬਲੈਕ ਆਊਟ ਤਹਿਤ ਸਾਈਰਨ ਦੀ ਆਵਾਜ ਸੁਣਦਿਆਂ ਹੀ ਸ਼ਹਿਰ ਦੀਆਂ ਸਾਰੀਆਂ ਲਾਈਟਾਂ ਬੰਦ ਹੋ ਗਈਆਂ ਅਤੇ ਸ਼ਹਿਰ ਵਿਚ ਘੁੱਪ ਹਨੇਰਾ ਛਾ ਗਿਆ। ਰੋਜਾਨਾ ਲੋਕਾਂ ਦੀ ਚਹਿਲ ਪਹਿਲ ਅਤੇ ਰੋਸ਼ਨੀ ਨਾਲ ਜਗਮਗਾਉਣ ਵਾਲਾ ਸ਼ਹਿਰ ਅੱਠ ਵਜਦਿਆਂ ਹੀ ਖਾਲੀ ਜਿਹਾ ਹੋ ਗਿਆ। ਜਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਤੇ ਸ਼ਹਿਰ ਵਿਚ ਰਾਤ ਸਾਢੇ 8 ਵਜੇ ਮੁਕੰਮਲ ਬਲੈਕ ਆਊਟ ਕੀਤਾ ਜਾਣਾ ਹੈ, ਜਿਸ ਵਿਚ ਨਾ ਕੇਵਲ ਸ਼ਹਿਰ ਦੀ ਬਿਜਲੀ ਮੁਕੰਮਲ ਤੌਰ ਤੇ ਬੰਦ ਕਰ ਦਿੱਤੀ ਗਈ, ਬਲਕਿ ਲੋਕਾਂ ਨੂੰ ਘਰਾਂ ਦੇ ਇਨਵਰਟਰ, ਜਨਰੇਟਰ ਆਦਿ ਵੀ ਬੰਦ ਰੱਖਕੇ ਸਾਰੀਆਂ ਲਾਈਟਾਂ ਬੰਦ ਕਰਕੇ ਸੁਰੱਖਿਆ ਥਾਂ ਪੁੱਜਣ ਦੀ ਹਦਾਇਤ ਕੀਤੀ ਗਈ ਹੈ। ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਦਿਆਂ ਸ਼ਹਿਰ ਵਾਸੀ ਪ੍ਰਸ਼ਾਸਨ ਨੂੰ ਪੂਰਨ ਸਹਿਯੋਗ ਦਿੰਦੇ ਦਿਖਾਈ ਦਿੱਤੇ। ਸ਼ਹਿਰ ਦੇ ਵਪਾਰੀਆਂ ਨੇ ਵੀ ਇਸ ਵਿਚ ਪੂਰਾ ਸਹਿਯੋਗ ਕਰਦਿਆਂ ਦੁਕਾਨਾਂ ਦੀਆਂ ਲਾਈਟਾਂ ਬੰਦ ਰੱਖੀਆਂ। ਸੰਗਰੂਰ ਵਪਾਰ ਮੰਡਲ ਦੇ ਪ੍ਰਧਾਨ ਜਸਵਿੰਦਰ ਸਿੰਘ ਪ੍ਰਿੰਸ ਨੇ ਕਿਹਾ ਕਿ ਬੇਸ਼ੱਕ ਪ੍ਰਸ਼ਾਸਨ ਵਲੋਂ ਉਨ੍ਹਾਂ ਨੂੰ ਕਿਸੇ ਪ੍ਰਕਾਰ ਦਾ ਲਿਖਤੀ ਹੁਕਮ ਨਹੀਂ ਦਿੱਤਾ ਗਿਆ ਹੈ, ਪ੍ਰੰਤੂ ਸ਼ਹਿਰ ਵਿਚ ਹੋਈ ਅਨਾਊਸਮੈਂਟ ਦੇ ਮੱਦੇਨਜਰ ਸਾਰੇ ਵਪਾਰੀਆਂ ਨੇ ਬਲੈਕ ਆਊਟ ਦੇ ਚਲਦਿਆਂ ਆਪਣੀਆਂ ਦੁਕਾਨਾਂ ਦੀਆਂ ਲਾਈਟਾਂ ਬੰਦ ਰੱਖੀਆਂ ਅਤੇ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵੀ ਉਹ ਪ੍ਰਸ਼ਾਸਨ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨਗੇ ਤਾਂ ਜੋ ਦੇਸ਼ ਦੀ ਸੁਰੱਖਿਆ ਅਤੇ ਅਖੰਡਤਾ ਹਰ ਵਪਾਰੀ ਹਰ ਤਰ੍ਹਾਂ ਨਾਲ ਸਹਿਯੋਗ ਪ੍ਰਦਾਨ ਕਰਨ ਦੇ ਲਈ ਪ੍ਰਸ਼ਾਸਨ ਅਤੇ ਸਰਕਾਰ ਦੇ ਨਾਲ ਹੈ। ਸ਼ਹਿਰ ਦੇ ਨੌਜਵਾਨ ਕੁਲਦੀਪ ਸਿੰਘ, ਗੁਰਦੀਪ ਸਿੰਘ, ਸਨੀ ਕੁਮਾਰ ਨੇ ਕਿਹਾ ਕਿ ਅੱਜ ਪਹਿਲੀ ਵਾਰ ਆਪਣੀ ਜਿੰਦਗੀ ਵਿਚ ਅਜਿਹਾ ਮਾਹੌਲ ਦੇਖ ਰਹੇ ਹਨ। ਹੁਣ ਤੱਕ ਉਨ੍ਹਾਂ ਆਪਣੇ ਬਜੁਰਗਾਂ ਤੋਂ ਹੀ ਸੁਣਿਆ ਸੀ ਕਿ ਕਰੀਬ ਪੰਜ ਦਹਾਕੇ ਪਹਿਲਾਂ ਅਜਿਹਾ ਮਹੌਲ ਉਨ੍ਹਾਂ ਨੇ ਦੇਖਿਆ ਸੀ। ਬਜੁਰਗਾਂ ਮੁਤਾਬਕ ਭਾਰਤ-ਪਾਕਿਸਤਾਨ ਦੀ ਜੰਗ ਦੌਰਾਨ ਕਿਸੇ ਨੂੰ ਵੀ ਘਰ ਜਾਂ ਕਿਤੇ ਹੋਰ ਦੀਵਾ ਲਾਉਣ ਦੀ ਇਜਾਜਤ ਨਹੀਂ ਸੀ ਦਿੱਤੀ ਜਾਂਦੀ। ਹਾਲਾਂਕਿ, ਇਹ ਸਭ ਕੁਝ ਲੋਕਾਂ ਦੀ ਸੁਰੱਖਿਆ ਲਈ ਹੈ, ਸਾਰਿਆਂ ਨੂੰ ਦੇਸ਼ ਅਤੇ ਲੋਕਾਂ ਦੀ ਸੁਰੱਖਿਆ ਲਈ ਇਸ ਵਿਚ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।

# ਬੇਅਦਬੀ ਤੇ ਬੰਦੀ ਸਿੰਘਾਂ ਸਬੰਧੀ ਰਾਸ਼ਟਰਪਤੀ ਨੂੰ ਪੱਤਰ ਭੇਜੇਗਾ ਮੋਰਚਾ



ਲੁਧਿਆਣਾ, 9 ਮਈ (ਪੱਤਰ ਪ੍ਰੇਰਕ)-ਕੌਮੀ ਇਨਸਾਫ ਮੋਰਚੇ ਦੇ ਸੱਦੇ 'ਤੇ ਵੱਖ ਵੱਖ ਜਥੇਬੰਦੀਆ ਦੀ ਇੱਕ ਸਾਂਝੀ ਮੀਟਿੰਗ ਹੋਈ ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਇਨਸਾਫ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਰਬਸੰਮਤੀ ਨਾਲ ਮੋਰਚੇ ਨੂੰ ਮਜਬੂਤ ਕਰਨ ਲਈ ਆਪਸੀ ਤਾਲਮੇਲ ਬਣਾ ਕੇ ਸੰਗਤ ਨੂੰ ਮੋਰਚੇ ਨਾਲ ਜੋੜਨ ਅਤੇ 15 ਮਈ ਨੂੰ ਸਬ-ਡਿਵੀਜ਼ਨ ਪੱਧਰ 'ਤੇ ਸਾਰੇ ਐੱਸਡੀਐੱਮ ਰਾਹੀਂ ਰਾਜਪਾਲ ਪੰਜਾਬ ਅਤੇ ਭਾਰਤ ਦੇ ਰਾਸ਼ਟਰਪਤੀ ਨੂੰ ਚੇਤਾਵਨੀ ਪੱਤਰ ਦੇਣ ਬਾਰੇ ਰੂਪ ਰੇਖਾ ਉਲੀਕੀ ਗਈ।ਇਸ ਮੌਕੇ ਕੌਮੀ ਇਨਸਾਫ ਮੋਰਚੇ ਨੂੰ ਮਜਬੂਤ ਕਰਨ ਲਈ ਇੱਕ 15 ਮੈਂਬਰੀ ਤਾਲਮੇਲ ਕਮੇਟੀ ਬਣਾਈ ਗਈ ਅਤੇ 15 ਮਈ ਦੇ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਜਿਮੇਵਾਰੀਆਂ ਦਿੱਤੀਆਂ ਗਈਆਂ। ਇਸ ਮੌਕੇ ਬੋਲਦਿਆਂ ਕੌਮੀ ਇਨਸਾਫ ਮੋਰਚੇ ਦੇ ਕਨਵੀਨਰ ਪਾਲ ਸਿੰਘ ਫਰਾਂਸ, ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਡਾ. ਦਰਸਨ ਪਾਲ ਨੇ ਕਿਹਾ ਕਿ ਸੂਬੇ ਅਤੇ ਕੇਂਦਰ ਦੇ ਹੁਕਮਰਾਨ ਭਾਰਤ ਦੇ ਸੰਵਿਧਾਨ ਅਤੇ ਕਾਨੂੰਨ ਦੀ ਪਾਲਣਾ ਕਰਨ ਦੀ ਥਾਂ ਮਨਮਰਜੀ ਨਾਲ ਰਾਜ ਚਲਾ ਰਹੇ ਹਨ ਅਤੇ ਦੇਸ ਨੂੰ ਫਿਰਕਾਪ੍ਰਸਤ ਲੀਹਾਂ ਉਤੇ ਤੋਰ ਕੇ ਆਪਣੀਆਂ ਰਾਜਸੀ ਰੋਟੀਆਂ ਸੇਕ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬੇ ਦਾ ਮੁੱਖ ਮੰਤਰੀ ਤਾਨਾਸਾਹ ਬਣ ਰਿਹਾ ਹੈ ਅਤੇ ਹਰ ਤਰ੍ਹਾਂ ਦੇ ਜਮਹੂਰੀ ਰੋਸ ਪ੍ਰਦਰਸਨਾਂ ਨੂੰ ਪੁਲੀਸ ਰਾਜ ਰਾਹੀਂ ਦਬਾਅ ਦੇਣਾ ਚਾਹੁੰਦਾ ਹੈ ਇਸ ਲਈ ਸਾਰੀਆਂ ਧਿਰਾਂ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ।ਇਸ ਮੌਕੇ ਸਾਬਕਾ ਵਿਧਾਇਕ ਤਰਸੇਮ ਜੋਧਾਂ, ਤਰੁਣ ਜੈਨ ਬਾਵਾ, ਬਚਿਤ੍ਰ ਸਿੰਘ ਦਰਦੀ, ਨਵਦੀਪ ਸਿੰਘ, ਤਰੁਨਜੀਤ ਸਿੰਘ, ਸਤਨਾਮ ਕੌਰ, ਪਰਮਜੀਤ ਕੌਰ, ਬੀਬੀ ਹਰਜੀਤ ਕੌਰ ਅਤੇ ਹੋਰ ਆਗੂ ਸ਼ਾਮਲ ਸਨ।


**ਉਤਰ ਰੇਲਵੇ**

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

**ਨੀਲਾਮੀ ਸੂਚੀ ਨੰ. : EAFZR-SLR25-69**

**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ:27/05/2025 ਨੂੰ 11:00 Hrs.**

ਕੰਮ ਦਾ ਨਾਮ: ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ / ਐਸਐਲਆਰ ਕੰਪਾਰਟਮੈਂਟ): 14630/R1, 14633/F1, 22552/F1, 12014/F1, 14633/F2, 14633/R1 & 12204/F1.

**ਨੀਲਾਮੀ ਸੂਚੀ ਨੰ. : EAFZR-SCANNER-19**

**ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 27/05/2025 ਨੂੰ 11:00 ਵਜੇ**

**ਕੰਮ ਦਾ ਨਾਮ :** ਫਿਰੋਜਪੁਰ ਕੈਂਟ, ਜਲੰਧਰ ਕੈਂਟ, ਲੁਧਿਆਣਾ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੇ ਸਾਰੇ ਆਉਟਗੋਇੰਗ ਪਾਰਸਲਾਂ ਦੀ ਸਕੈਨਿੰਗ ਦੇ ਲਈ ਪਾਰਸਲ ਸਕੈਨਰ ਮਸ਼ੀਨ ਦੇ ਪ੍ਰਾਵਧਾਨ ਦੇ ਕੰਮ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ।

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ** 1393/2025

**ਉਤਰ ਰੇਲਵੇ**

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

**ਲ. ਨੰ.** : 1, **ਨਿਵਿਦਾ ਨੰ:** 62255098, **ਮਾਲ ਦਾ ਵੇਰਵਾ :** Steel Plate of various size, Description and specification as per Annexure-A. **ਮਾਤ੍ਰਾ :** 60 Sets. **ਨਿਵਿਦਾ ਖੁਲਣ ਦੀ ਮਿਤੀ :** 03.06.2025.

ਨਿਵਿਦਾ ਸ਼ਰਤਾਂ:- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

**ਨਿਵਿਦਾ ਸੂਚਨਾ ਨੰਬਰ 01/2025-26 ਮਿਤੀ:- 09.05.2025** 1386/2025

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

## ਸੰਪਾਦਕੀ

# ਵਿਦਿਅਕ ਤਣਾਅ ਤੇ ਖ਼ੁਦਕੁਸ਼ੀਆਂ

ਕੁਝ ਹੀ ਦਿਨਾਂ ਵਿੱਚ ਹੋਈਆਂ ਤਿੰਨ ਵਿਦਿਆਰਥੀਆਂ ਦੀਆਂ ਮੌਤਾਂ, ਜਿਨ੍ਹਾਂ ਵਿੱਚੋਂ ਦੋ ਕੋਟਾ (ਰਾਜਸਥਾਨ) ਵਿੱਚ ਨੀਟ ਦੇ ਉਮੀਦਵਾਰ ਅਤੇ ਇੱਕ ਪੰਜਾਬ ਅੰਦਰ ਮੁਹਾਲੀ ਦੀ ਪ੍ਰਾਈਵੇਟ ਯੂਨੀਵਸਿਟੀ ਵਿੱਚ ਫੋਰੈਂਸਿਕ ਵਿਗਿਆਨ ਦਾ ਵਿਦਿਆਰਥੀ ਸੀ, ਨੇ ਉਸ ਢਾਂਚਾਗਤ ਨਾਕਾਮੀ ਦਾ ਖ਼ੁਲਾਸਾ ਕੀਤਾ ਹੈ ਜਿਸ ਨੂੰ ਭਾਰਤ ਆਪਣੇ ਲਈ ਖ਼ਤਰਾ ਮੁੱਲ ਲੈ ਕੇ ਲਗਾਤਾਰ ਨਜ਼ਰਅੰਦਾਜ਼ ਕਰਦਾ ਰਿਹਾ ਹੈ। ਇਨ੍ਹਾਂ ਵਿੱਚੋਂ ਇੱਕ ਵਿਦਿਆਰਥੀ ਦੀ ਮੌਤ ਨੀਟ-ਯੂਜੀ ਤੋਂ ਬਿਲਕੁਲ ਪਹਿਲਾਂ ਹੋਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਅਕਾਦਮਿਕ ਦਬਾਅ, ਮਾਨਸਿਕ ਤਣਾਅ ਅਤੇ ਹੱਦੋਂ ਵੱਧ ਉਮੀਦਾਂ ਦਾ ਜਾਨਲੇਵਾ ਮਿਸ਼ਰਨ ਜਵਾਨ ਬੱਚਿਆਂ ਦੀ ਜਾਨ ਲੈ ਰਿਹਾ ਹੈ। ਕੋਚਿੰਗ ਕੇਂਦਰਾਂ ਦੇ ਧੁਰੇ, ਕੋਟਾ ਵਿੱਚ ਇਕੱਲੇ ਇਸ ਸਾਲ ਵਿੱਚ ਹੀ 14 ਵਿਦਿਆਰਥੀ ਖ਼ੁਦਕੁਸ਼ੀ ਕਰ ਚੁੱਕੇ ਹਨ। ਵਾਰ-ਵਾਰ ਮਿਲੀਆਂ ਚਿਤਾਵਨੀਆਂ ਦੇ ਬਾਵਜੂਦ ਸੰਸਥਾਈ ਤਣਾਅ ਦੇ ਕਾਰਨਾਂ ਜਿਵੇਂ ਸਖ਼ਤ ਪ੍ਰੀਖਿਆਵਾਂ, ਜ਼ਹਿਰੀਲੀ ਮੁਕਾਬਲੇਬਾਜ਼ੀ, ਗ਼ੈਰ-ਨਿਯਮਤ ਕੋਚਿੰਗ ਗਤੀਵਿਧੀਆਂ ਅਤੇ 'ਗਾਰੰਟੀਸ਼ੁਦਾ ਸਫ਼ਲਤਾ' ਦੇ ਬੋਝ ਦਾ ਅਜੇ ਤੱਕ ਕੋਈ ਹੱਲ ਨਹੀਂ ਕੱਢਿਆ ਗਿਆ।ਹਾਲ ਹੀ ਵਿੱਚ ਕੇਂਦਰੀ ਖ਼ਪਤਕਾਰ ਸੁਰੱਖਿਆ ਅਥਾਰਿਟੀ (ਸੀਸੀਪੀਏ) ਨੇ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਤੇ ਗ਼ੈਰ-ਵਾਜਿਬ ਕਾਰੋਬਾਰੀ ਗਤੀਵਿਧੀਆਂ ਲਈ ਕਈ ਕੋਚਿੰਗ ਸੰਸਥਾਵਾਂ ਨੂੰ ਨੋਟਿਸ ਕੱਢਿਆ ਸੀ। ਕਈ ਇਸ਼ਤਿਹਾਰਾਂ ਨੇ ਆਪਣੇ ਦਾਅਵਿਆਂ ਨੂੰ ਸਿੱਧ ਕੀਤੇ ਬਿਨਾਂ ਸਿਖ਼ਰਲੇ ਰੈਂਕਾਂ 'ਤੇ ਪੱਕੀ ਚੋਣ ਦੇ ਵਾਅਦੇ ਕੀਤੇ ਸਨ। ਇਹ ਵਾਅਦੇ ਜੋ ਅਤਿ ਦੇ ਦਬਾਅ ਨਾਲ ਜੁੜੇ ਹੁੰਦੇ ਹਨ, ਅਕਸਰ ਕਮਜ਼ੋਰ ਵਿਦਿਆਰਥੀਆਂ ਅਤੇ ਬੇਚੈਨ ਮਾਪਿਆਂ ਨੂੰ ਇੱਕ ਜਾਲ ਵਿੱਚ ਫਸਾ ਲੈਂਦੇ ਹਨ। ਦੇਸ਼ ਦੇ ਟੌਪਰ ਸੱਭਿਆਚਾਰ ਨੂੰ ਨਵੀਂ ਅਤੇ ਨਿੱਗਰ ਸ਼ੁਰੂਆਤ ਦੀ ਬਹੁਤ ਜਿਆਦਾ ਲੋੜ ਹੈ। ਇਸ ਪਾਸੇ ਰਾਜਸਥਾਨ ਸਰਕਾਰ ਦਾ ਪ੍ਰਸਤਾਵ- ਕੋਚਿੰਗ ਇੰਸਟੀਚਿਊਟਜ਼ (ਕੰਟਰੋਲ ਐਂਡ ਰੈਗੂਲੇਸ਼ਨ) ਬਿੱਲ, ਮਹੱਤਵਪੂਰਨ ਕਦਮ ਹੈ। ਦਾਖਲੇ ਤੋਂ ਪਹਿਲਾਂ ਲਾਜ਼ਮੀ ਕਾਊਂਸਲਿੰਗ ਅਤੇ ਰੁਚੀ ਦੀ ਪਰਖ ਇਸ ਮਾਮਲੇ ਵਿੱਚ ਸਹਾਈ ਹੋ ਸਕਦੇ ਹਨ, ਪਰ ਅਮਲੀ ਕਾਰਵਾਈ ਦੀ ਵੱਧ ਅਹਿਮੀਅਤ ਹੈ। ਸਾਲ 2018 ਦੀਆਂ ਹਦਾਇਤਾਂ, ਜਿਨ੍ਹਾਂ ਦਾ ਮੰਤਵ ਮਨੋਵਿਗਿਆਨਕ ਮਦਦ ਤੇ ਪ੍ਰਾਈਵੇਟ ਸੰਸਥਾਵਾਂ ਨੂੰ ਨਿਯਮਤ ਕਰਨਾ ਸੀ, ਜਾਪਦਾ ਹੈ ਭੁਲਾ ਹੀ ਦਿੱਤੀਆਂ ਗਈਆਂ ਹਨ। ਸਖ਼ਤ ਨਿਗਰਾਨੀ ਤੋਂ ਬਿਨਾਂ ਨਵਾਂ ਕਾਨੂੰਨ ਵੀ ਮਹਿਜ਼ ਸੰਕੇਤਕ ਅਤੇ ਖਾਨਾਪੂਰਤੀ ਬਣ ਸਕਦਾ ਹੈ।ਇਸ ਅਹਿਮ ਮਸਲੇ ਬਾਰੇ ਮਾਪਿਆਂ ਨੂੰ ਵੀ ਮੰਥਨ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਨਾ-ਮੁਨਾਸਬ ਵਿਸ਼ਿਆਂ ਵੱਲ ਧੱਕਣਾ ਜਾਂ ਉਨ੍ਹਾਂ ਦੀ ਕਾਬਲੀਅਤ ਨੂੰ ਅੰਕਾਂ ਤੇ ਰੈਂਕਿੰਗ ਨਾਲ ਜੋੜਨਾ ਨਿਰਾਸ਼ਾ ਹੀ ਉਪਜਾਉਂਦਾ ਹੈ। ਇਸ ਲਈ ਹੁਣ ਦੇਸ਼ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਰੈਂਕ ਨਾਲ ਜੋੜ ਕੇ ਦੇਖਣਾ ਬੰਦ ਕਰੇ, ਉਨ੍ਹਾਂ ਨੂੰ ਅਜਿਹੀਆਂ ਸ਼ਖ਼ਸੀਅਤਾਂ ਵਜੋਂ ਦੇਖਿਆ ਜਾਵੇ ਜਿਨ੍ਹਾਂ ਦੀਆਂ ਵੱਖੋ-ਵੱਖਰੀਆਂ ਤਾਕਤਾਂ ਅਤੇ ਸੀਮਾਵਾਂ ਹਨ। ਇਸ ਲਈ ਹੁਣ ਸਰਕਾਰ ਨੂੰ ਅਜਿਹਾ ਵਾਤਾਵਰਨ ਉਸਾਰਨਾ ਕਰਨਾ ਚਾਹੀਦਾ ਹੈ ਜਿਹੜਾ ਵੱਖ-ਵੱਖ ਵਿਸ਼ਿਆਂ ਵਿੱਚ ਰੁਚੀ ਰੱਖਣ ਵਾਲੇ ਨੌਜਵਾਨਾਂ ਲਈ ਲੋੜੀਂਦੀਆਂ ਨੌਕਰੀਆਂ ਪੈਦਾ ਕਰੇ। ਕੋਈ ਵੀ ਪ੍ਰੀਖਿਆ ਕਿਸੇ ਦੀ ਜਾਨ ਤੋਂ ਉੱਤੇ ਨਹੀਂ ਹੈ। ਬਿਨਾਂ ਸ਼ੱਕ, ਇਸ ਅਤਿ ਸੰਵੇਦਨਸੀਲ ਅਤੇ ਸਾਡੇ ਸਮਾਜ ਉੱਤੇ ਸਿੱਧੇ ਹੀ ਅਸਰ ਅੰਦਾਜ ਹੋ ਰਹੇ ਮਸਲੇ ਨੂੰ ਪਹਿਲ ਦੇ ਆਧਾਰ 'ਤੇ ਨਜਿੱਠਣ ਚਾਹੀਦਾ ਹੈ।

EDITOR: RAVI BHARDWAJ, PUBLISHER, OWNER AND PRINTER OF DAILY "JAN JAGRAN" PRINTED at BRIGHT PRINTING PRESS, LAKSHMIPURA, JALANDHAR PUNJAB-144025 and Published From 47A, Dada Nagar, Meethapur Road, Jalandhar Punjab.

RNI NO: PUNPUN/2011/44547

ਮਾਲਕ, ਪ੍ਰਕਾਸ਼ਕ, ਸੰਪਾਦਕ ਤੇ ਪ੍ਰਿੰਟਰ ਰਵੀ ਭਾਰਦਵਾਜ, 47 ਏ ਦਾਦਾ ਨਗਰ ਮਿੱਠਾਪੁਰ ਰੋਡ, ਜਲੰਧਰ ਪੰਜਾਬ ਨੇ ਅਖਬਾਰ 'ਜਨ ਜਾਗਰਣ' ਬ੍ਰਾਈਟ ਪ੍ਰਿੰਟਿੰਗ ਪ੍ਰੈਸ, ਲਕਸ਼ਮੀਪੁਰਾ ਜਲੰਧਰ 144025 ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

R.N.I No. PUNPUN/2011/44547

-ਸਹਾਇਕ ਸੰਪਾਦਕ ਚਰਨਜੀਤ ਸਿੰਘ

# ਮਾਰਕ ਕਾਰਨੀ ਦੀ ਜਿੱਤ ਕੈਨੇਡਾ ਲਈ ਨਵਾਂ ਮੋੜ



ਰਾਜ ਮੋਹਨ ਗਾਂਧੀ (ਮਹਾਤਮਾ ਗਾਂਧੀ ਦਾ ਪੋਤਰਾ) ਦੱਸਦੇ ਹਨ ਕਿ ਪੰਡਤ ਜਵਾਹਰ ਲਾਲ ਨਹਿਰੂ ਸਮੁੱਚੀ ਕਾਂਗਰਸ ਲੀਡਰਸਿਪ ਵੱਲੋਂ ਆਪਣੀ ਹਰਮਨ ਪਿਆਰਤਾ, ਕੀਰਤੀ, ਸੂਝ-ਬੂਝ, ਦੂਰ-ਅੰਦੇਸ਼ੀ ਅਤੇ ਡਿਪਲੋਮੈਟਿਕ ਪ੍ਰਬੁੱਧਤਾ ਸਦਕਾ ਸਰਬ ਸੰਮਤੀ ਨਾਲ ਪ੍ਰਧਾਨ ਮੰਤਰੀਸ਼ਿਪ ਲਈ ਸਵੀਕਾਰ ਕੀਤੇ ਗਏ ਸਨ। ਕਈ ਲੋਕ ਉਨ੍ਹਾਂ ਮੁਕਾਬਲੇ ਭਰਮ-ਭੁਲੇਖਾ ਪਾਊ ਸਥਿਤੀਆਂ ਪੈਦਾ ਕਰਦੇ ਸਰਕਾਰ ਪਟੇਲ ਦਾ ਨਾਂ ਉਭਾਰਦੇ ਹਨ। ਉਹ ਦਾਅਵਾ ਕਰਦੇ ਹਨ ਕਿ ਤੱਤਕਾਲੀ ਸਮੇਂ ਦੀ ਇਕ ਵੀ ਅਖ਼ਬਾਰ ਵਿਖਾ ਦਿਓ ਜਿਸ ਵਿਚ ਐਸਾ ਬਿਆਨ ਹੋਵੇ। ਖ਼ੁਦ ਸਰਦਾਰ ਪਟੇਲ ਉਨ੍ਹਾਂ ਵੱਡੇ ਹਮਾਇਤੀ ਸਨ। ਇਵੇਂ ਹੀ ਇਸ ਸਾਲ 2025 ਦੇ ਸ਼ੁਰੂ ਵਿਚ ਮਾਰਕ ਜੋਸਫ ਕਾਰਨੀ ਕੈਨੇਡਾ ਅੰਦਰ ਭਾਰਤ ਦੇ ਆਗੂ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਡਾ. ਮਨਮੋਹਨ ਸਿੰਘ ਵਾਂਗ ਇਕ ਪ੍ਰਬੁੱਧ, ਦੂਰ-ਅੰਦੇਸ਼, ਹਲੀਮੀ ਭਰੇ, ਵਿਸ਼ਵ ਪ੍ਰਸਿੱਧ ਆਰਥਿਕ ਮਾਹਿਰ ਵੱਜੋਂ ਮੰਨੇ-ਪ੍ਰਮੰਨੇ ਵਿਅਕਤੀ ਹੋਣ ਕਰਕੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਥਾਂ 85 ਪ੍ਰਤੀਸ਼ਤ ਅੰਦਰੂਨੀ ਪਾਰਟੀ ਕਾਡਰ ਦੀ ਹਮਾਇਤ ਨਾਲ ਲਿਬਰਲ ਪਾਰਟੀ ਦੇ ਆਗੂ 9 ਮਾਰਚ ਨੂੰ ਚੁਣੇ ਗਏ ਸਨ। ਟਰੂਡੋ ਦੇ ਅਸਤੀਫੇ ਬਾਅਦ 14 ਮਾਰਚ ਨੂੰ ਉਨ੍ਹਾਂ ਕੈਨੇਡਾ ਦੇ 24ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਅਤੇ 23 ਮੈਂਬਰੀ ਕੈਬਨਿਟ ਗਠਿਤ ਕੀਤੀ।

**ਰਾਜਨੀਤਕ ਉਥਲ-ਪੁਥਲ**

ਸੰਨ 2024 ਦੇ ਅਖ਼ੀਰ ਵਿਚ ਤੱਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਅਸਫ਼ਲ ਨੀਤੀਆਂ ਕਰਕੇ ਦੇਸ਼ ਵਿਚ ਪੈਦਾ ਹੋਏ ਆਰਥਿਕ, ਬਦਅਮਨੀ, ਮਾਫੀਆ ਗਤੀਵਿਧੀਆਂ, ਰੋਜ਼ਾਨਾ ਜੀਵਨ ਦੀ ਲਾਗਤ ਵਿਚ ਲੱਕ ਤੋੜਵੇਂ ਵਾਧੇ ਜਿਹੇ ਸੰਕਟਾਂ ਕਰਕੇ ਲਿਬਰਲ ਪਾਰਟੀ ਅੰਦਰ ਬਗਾਵਤ ਪੈਦਾ ਹੋ ਗਈ। ਇੰਨਾਂ ਚੁਣੌਤੀਆਂ ਦੇ ਹੱਲ ਲਈ ਜਿਵੇਂ ਸੰਨ 1991 ਵਿਚ ਭਾਰਤੀ ਪ੍ਰਧਾਨ ਮੰਤਰੀ ਨਰਸਿਮਹਾ ਰਾਉ ਵਿਸ਼ਵ ਪ੍ਰਸਿੱਧ ਆਰਥਿਕ ਮਾਹਿਰ ਡਾ. ਮਨਮੋਹਨ ਸਿੰਘ ਨੂੰ ਵਿੱਤ ਮੰਤਰੀ (ਜੋ ਸੰਨ 2004 ਤੋਂ 2014 ਤਕ ਪ੍ਰਧਾਨ ਮੰਤਰੀ ਰਹੇ) ਲੈ ਕੇ ਆਏ, ਜਸਟਿਨ ਟਰੂਡੋ ਵੀ ਮਾਰਕ ਕਾਰਨੀ ਸਰਕਾਰ ਦੇ ਆਰਥਿਕ ਸਲਾਹਕਾਰ ਨੂੰ ਵਿੱਤ ਮੰਤਰੀ ਬਣਾਉਣਾ ਚਾਹੁੰਦੇ ਸਨ ਜੋ ਡਿਪਟੀ ਪ੍ਰਧਾਨ ਮੰਤਰੀ ਸਿਟੀਆ ਫਰੀਲੈਂਡ ਦੀ ਬਗਾਵਤ ਕਰਕੇ ਵਿਚਾਰ ਟਾਲਣਾ ਕਰਨਾ ਪਿਆ।

2 ਜਨਵਰੀ, 2025 ਨੂੰ ਜਸਟਿਨ ਟਰੂਡੋ ਵੱਲੋਂ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਣ ਦੇ ਐਲਾਨ ਦੇ ਇਕ ਦਿਨ ਪਹਿਲਾਂ ਸਰਵਿਆਂ ਅਨੁਸਾਰ ਕੰਜਰਵੇਟਿਵ ਪਾਰਟੀ ਨੂੰ 46.9, ਐੱਨ.ਡੀ.ਪੀ. ਨੂੰ 18.7, ਲਿਬਰਲ ਪਾਰਟੀ ਨੂੰ 18.6, ਬਲਾਕ ਕਿਊਬੈਕ ਨੂੰ 9.7 ਅਤੇ ਗਰੀਨ ਪਾਰਟੀ ਨੂੰ 2.7 ਪ੍ਰਤੀਸ਼ਤ ਕੈਨੇਡਾ ਦੇ ਵੋਟਰਾਂ ਦੀ ਹਮਾਇਤ ਪ੍ਰਾਪਤ ਸੀ। ਲਿਹਾਜ਼ਾ ਕੰਜ਼ਰਵੇਟਿਵ ਪਾਰਟੀ ਆਗੂ ਪੈਰੇ ਪੋਲੀਅਵਰ ਫੈਡਰਲ ਚੋਣਾਂ ਹੋਣ ਦੀ ਸੂਰਤ ਵਿਚ ਦੇਸ਼ ਦਾ ਅਗਲਾ ਪ੍ਰਧਾਨ ਮੰਤਰੀ ਬਣੀ ਬੈਠਾ ਸੀ। ਲੇਕਿਨ ਵਿਸ਼ਵ ਪ੍ਰਸਿੱਧ ਆਰਥਿਕ ਮਾਹਿਰ, ਹਲੀਮੀ ਅਤੇ ਪ੍ਰਬੁੱਧਤਾ ਦੇ ਪੁੰਜ ਮਾਰਕ ਕਾਰਨੀ ਵੱਲੋਂ ਲਿਬਰਲ ਪਾਰਟੀ ਦੀ ਵਾਗਡੋਰ ਅਤੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਬਾਅਦ ਰਾਜਨੀਤਕ ਗਿਣਤੀਆਂ ਮਿਣਤੀਆਂ ਵਿਚ ਆਏ ਦਿਨ ਵੱਡਾ ਉਲਟ ਫੇਰ ਵੇਖਣ ਨੂੰ ਮਿਲਣ ਲੱਗਾ।

**ਵੱਡਾ ਕਾਰਕ**

ਇਸ ਦੌਰਾਨ 20 ਜਨਵਰੀ, 2025 ਨੂੰ ਡੋਨਾਲਡ ਟਰੰਪ ਵੱਲੋਂ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਪਦ ਸੰਭਾਲਣ ਬਾਅਦ ਉਸ ਨੇ ਕੈਨੇਡਾ ਸਮੇਤ ਪੂਰੇ ਵਿਸ਼ਵ ਅੰਦਰ ਅਣਚਾਹੇ ਟੈਰਿਫ ਠੋਕ ਕੇ ਵਪਾਰ ਜੰਗ ਛੇੜ ਦਿਤੀ। ਨਾਲ ਹੀ ਗਰੀਨਲੈਂਡ ਜਜ਼ੀਰੇ, ਇਜਰਾਈਲੀ ਗੋਲੀਬਾਰੀ ਕਰਕੇ ਬਣੇ ਕਬਾੜ ਦੇ ਢੇਰ ਗਾਜ਼ਾ ਪੱਟੀ, ਨਹਿਰ ਪਨਾਮਾ ਅਤੇ ਕੈਨੇਡਾ ਨੂੰ ਅਮਰੀਕਾ ਦੇ 51ਵੇਂ ਪ੍ਰਾਂਤ ਵਜੋਂ ਕਬਜ਼ੇ ਵਿਚ ਲੈਣ ਦੀਆਂ ਧਮਕੀਆਂ ਕਰਕੇ ਕੈਨੇਡਾ ਦੀ ਆਜ਼ਾਦੀ, ਪ੍ਰਭੂਸੱਤਾ ਅਤੇ ਰਾਸ਼ਟਰੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ। ਲੇਕਿਨ ਮਾਰਕ ਕਾਰਨੀ ਨੇ ਕੈਨੇਡਾ ਵਾਸੀਆਂ ਵਿਚ ਇਕ ਤਜ਼ਰਬੇਕਾਰ, ਦਲੇਰ, ਸਮਰੱਥ ਅਤੇ ਨਿਡਰ ਦੂਰ ਅੰਦੇਸ਼ ਆਗੂ ਵੱਜੋਂ ਭਰੋਸੇ ਯੋਗਤਾ ਪੈਦਾ ਕਰਨ ਲਈ ਅਮਰੀਕੀ ਰਾਸ਼ਟਰਪਤੀ ਟਰੰਪ ਅੱਗੇ ਗੋਡੇ ਟੇਕਣ ਦੀ ਥਾਂ ਨਵੇਂ ਸਹਿਯੋਗੀਆ ਦੀ ਤਲਾਸ਼ ਅਤੇ ਸਥਾਪਤੀ ਲਈ ਟਰੂਡੋ ਵੱਲੋਂ ਅਮਰੀਕੀ ਦੌਰੇ ਉਲਟ ਯੂ.ਕੇ. ਅਤੇ ਫਰਾਂਸ ਦਾ ਦੌਰਾ ਕੀਤਾ। ਵਾਪਸੀ 'ਤੇ 24 ਮਾਰਚ, 2025 ਨੂੰ ਉਸ ਨੇ ਹਾਊਸਆਫ ਕਾਮਨਜ਼ ਭੰਗ ਕਰਨ ਦੀ ਸ਼ਿਫਾਰਿਸ਼ ਗਵਰਨਰ ਜਨਰਲ ਮੇਰੀ ਸਾਇਮਾ ਨੂੰ ਕਰਦੇ ਦੇਸ਼ ਵਿਚ ਨਵੀਂ ਲੀਡਰਸ਼ਿਪ ਅਤੇ ਨਵੀਂ ਸਰਕਾਰ ਦੀ ਚੋਣ ਲਈ 28 ਅਪ੍ਰੈਲ ਦੀਆਂ ਚੋਣਾਂ ਦਾ ਐਲਾਨ ਕਰ ਦਿਤਾ। ਉਸ ਦੀ ਲੀਡਰਸ਼ਿਪ ਦੇ ਪ੍ਰਭਾਵ ਕਰਕੇ ਚੋਣ ਸਰਵੇ ਅਚੰਭਕ ਢੰਗ ਨਾਲ ਉਲਟ-ਪੁਲਟ ਹੋ ਗਏ। ਚੋਣ ਵਾਲੇ ਦਿਨ ਸਰਵੇ ਲਿਬਰਲ ਪਾਰਟੀ ਨੂੰ 44, ਕੰਜਰਵੇਟਿਵਾਂ ਨੂੰ 40, ਬਲਾਕ ਕਿਊਬੈਕ ਨੂੰ 7, ਐਨ.ਡੀ.ਪੀ. ਨੂੰ 6, ਗਰੀਨ ਪਾਰਟੀ ਨੂੰ 1 ਅਤੇ ਪੀਪਲਜ਼ ਪਾਰਟੀ ਨੂੰ 1 ਪ੍ਰਤੀਸ਼ਤ ਵੋਟਰਾਂ ਦੀ ਹਮਾਇਤ ਦਰਸਾਅ ਰਹੇ ਸਨ। 29 ਪ੍ਰਤੀਸ਼ਤ ਮਹਿੰਗਾਈ ਦੇ ਬਾਵਜੂਦ ਵੱਡੀ ਗਿਣਤੀ ਵਿਚ ਔਰਤਾਂ ਮਾਰਕ ਕਾਰਨੀ ਦੇ ਹੱਕ ਵਿਚ ਹੋ ਗਈਆਂ। ਕੰਜ਼ਰਵੇਟਿਵ ਪਾਰਟੀ ਦੀਆਂ ਔਰਤਾਂ ਕਹਿਣ ਲੱਗ ਪਈਆਂ ਕਿ ਉਨ੍ਹਾਂ ਡਾ. ਮਨਮੋਹਨ ਸਿੰਘ ਵਰਗਾ ਆਰਥਿਕ ਮਾਹਿਰ ਮਿਲਣ ਕਰਕੇ ਉਹ ਲਿਬਰਲ ਪਾਰਟੀ ਨੂੰ ਵੋਟ ਕਰਨਗੀਆਂ।

**ਗਹਿਗੱਚ ਚੋਣ ਪ੍ਰਚਾਰ**

ਕੰਜਰਵੇਟਿਵ ਪਾਰਟੀ ਨੇ ਦੇਸ਼ ਅੰਦਰ ਰਾਜਨੀਤਕ ਬਦਲਾ ਲੈਣ ਲਈ ਜਦ ਕਿ ਲਿਬਰਲ ਪਾਰਟੀ ਨੇ ਇਸ ਦੀ ਮੁੜ ਤੋਂ ਸਥਾਪਤੀ ਲਈ ਰੋਜ਼ਾਨਾ ਜੀਵਨ ਬਸਰ ਕਰਨ ਦੀ ਲਾਗਤ ਵਿਚ ਵਾਧੇ 47, ਟਰੰਪ ਟੈਰਿਫ ਅਤੇ ਅਮਰੀਕੀ ਕਬਜ਼ੇ ਸਬੰਧੀ 35, ਆਰਥਿਕ ਮੰਦੀ ਸਬੰਧੀ 33, ਆਵਾਸ ਸਮੱਸਿਆ ਪ੍ਰਤੀ 24, ਸਿਹਤ ਸਬੰਧੀ 23, ਅਪਰਾਧ 'ਤੇ ਸੁਰੱਖਿਆ ਸਬੰਧੀ 15, ਪ੍ਰਵਾਸ ਸਬੰਧੀ 14, ਜਲਵਾਯੂ ਸੰਭਾਲ ਸਬੰਧੀ 14 ਅਤੇ ਟੈਕਸ ਭਾਰ ਸਬੰਧੀ 12 ਪ੍ਰਤੀਸ਼ਤ ਦਰ ਨਾਲ ਕੈਨੇਡੀਅਨਾਂ ਦੇ ਨੱਕ ਵਿਚ ਦਮ ਕਰ ਰਹੇ ਮੁੱਦੇ ਹੱਲ ਕਰਨ ਲਈ ਆਪੋ-ਆਪਣੇ ਰੋਡ ਮੈਪ ਪੇਸ਼ ਕੀਤੇ। ਐੱਨ.ਡੀ.ਪੀ. ਮੁਲਾਜ਼ਮਾਂ, ਕਿਰਤੀਆਂ, ਬੇਘਰੇ, ਸਥਾਨਕ ਲੋਕਾਂ ਦੇ ਹੱਕਾਂ, ਦੰਦ ਅਤੇ ਫਾਰਮਾਕੇਅਰ ਸਬੰਧੀ ਮੁੱਦਿਆਂ ਦੇ ਹੱਲ ਲਈ ਰੋਡ ਮੈਪ ਪ੍ਰਚਾਰਦੀ ਵਿਖਾਈ ਦਿੱਤੀ ਜਦਕਿ ਗਰੀਨ ਪਾਰਟੀ ਦਾ ਜ਼ੋਰ ਪ੍ਰਵਾਸ ਅਤੇ ਜਲਵਾਯੂ ਸੰਭਾਲ ਪ੍ਰਤੀ ਵੇਖਣ ਨੂੰ ਮਿਲਿਆ। ਬਲਾਕ ਕਿਊਬੈਕ ਫਰੈਂਚ ਭਾਸ਼ਾਈ ਕਿਊਬੈਕ ਦੀਆਂ ਸਮੱਸਿਆਵਾਂ ਪ੍ਰਤੀ ਕੇਂਦਰਤ ਰਹੀ।

**ਪੰਜਾਬੀਆਂ ਦੀ ਚੜ੍ਹਤ**

ਇਨ੍ਹਾਂ ਚੋਣਾਂ ਵਿਚ ਸੰਨ 2021 ਦੀਆਂ ਚੋਣਾਂ ਵਿਚ 18 ਦੇ ਮੁਕਾਬਲੇ 22 ਪੰਜਾਬੀਆਂ ਨੇ ਜਿੱਤਣੇ ਝੰਡੇ ਗੱਡੇ ਹਨ। ਇਨ੍ਹਾਂ ਵਿਚ 6 ਔਰਤਾਂ, 6 ਪੱਗੜੀਧਾਰੀ ਅਤੇ 10 ਦੂਸਰੇ ਸ਼ਾਮਲ ਹਨ। ਲਿਬਰਲ ਪਾਰਟੀ ਨਾਲ ਸਬੰਧਿਤ ਰੂਬੀ ਸਹੋਤਾ, ਮਨਿੰਦਰ ਸਿੱਧੂ, ਅਮਨਦੀਪ, ਸੋਨੀਆ ਸਿੱਧੂ, ਅਨੀਤਾ ਅਨੰਦ, ਬਰਦੀਸ਼ ਚੱਗਰ, ਅੰਜੂ ਢਿੱਲੋਂ, ਸੁੱਖ ਧਾਲੀਵਾਲ, ਇਕਵਿੰਦਰ ਸਿੰਘ, ਰਮਨਦੀਪ ਸਿੰਘ, ਰਣਦੀਪ ਸਰਾਏ, ਗੁਰਬਖ਼ਸ਼ ਸੈਣੀ, ਪ੍ਰਮ ਬੈਂਸ ਹਨ ਜਦਕਿ ਕੰਜ਼ਰਵੇਟਿਵ ਪਾਰਟੀ ਨਾਲ ਸਬੰਧਿਤ ਜਸਰਾਜ ਹਾਲਨ, ਦਲਵਿੰਦਰ ਗਿੱਲ, ਅਮਨਪ੍ਰੀਤ ਗਿੱਲ, ਅਰਪਨ ਖੰਨਾ, ਟਿਮ ਉੱਪਲ, ਪ੍ਰਮ ਗਿੱਲ, ਸੁਖਮਨ ਗਿੱਲ, ਜਗਸ਼ਰਨ ਮਾਹਲ ਅਤੇ ਹਰਬ ਗਿੱਲ ਹਨ। ਨਿਸ਼ਚਿਤ ਤੌਰ 'ਤੇ ਉਹ ਕਾਰਨੀ ਕੈਬਨਿਟ ਵਿਚ ਸੁਸ਼ੋਭਤ ਵੇਖੇ ਜਾਣਗੇ। ਇਸੇ ਕਰਕੇ ਕੈਨੇਡਾ ਪੰਜਾਬੀਆਂ ਅਤੇ ਸਿੱਖ ਭਾਈਚਾਰੇ ਦਾ ਦੂਸਰਾ ਘਰ ਮੰਨਿਆ ਜਾਂਦਾ ਹੈ।

**ਮਿਲ ਕੇ ਚੱਲਣ ਦਾ ਵੇਲਾ**

ਬਹੁਤ ਹੀ ਖ਼ੂਬਸੂਰਤ, ਸਹਿਜ ਭਰੇ ਸ਼ਬਦਾਂ ਵਿਚ ਜਿੱਤ ਤੋਂ ਬਾਅਦ ਕਾਰਨੀ ਨੇ ਕਿਹਾ ਕਿ ਜਿਸ ਦਾ ਵੀ ਕੈਨੇਡਾ ਘਰ ਹੈ ਉਹ ਭਾਵੇਂ ਜਿੱਥੇ ਮਰਜ਼ੀ ਰਹਿੰਦਾ ਹੋਵੇ, ਜਿਹੜੀ ਮਰਜ਼ੀ ਭਾਸ਼ਾ ਬੋਲਦਾ ਹੋਵੇ, ਜਿਸ ਨੂੰ ਮਰਜ਼ੀ ਵੋਟ ਪਾਈ ਹੋਵੇ ਮੈਂ ਉਨ੍ਹਾਂ ਸਭ ਦੀ ਬਾਖ਼ੂਬੀ ਪ੍ਰਤੀਨਿਧਤਾ ਕਰਾਂਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਂਗ 'ਸਭ ਕਾ ਸਾਥ, ਸਬਕਾ ਵਿਕਾਸ' ਦਾ ਵਾਅਦਾ ਕੀਤਾ। ਕਰੀਬ 33 ਪ੍ਰਸਿੱਧ ਕਾਰਪੋਰੇਟਰਾਂ ਰਾਜਨੀਤਕ ਬਦਲ ਲਈ ਪੋਲੀਅਵਰ ਦੇ ਹੱਕ ਵਿਚ ਇਕ ਐਡ ਵਿਚ ਕਿਹਾ ਸੀ, "ਕੈਨੇਡਾ ਦੇ ਕਾਰੋਬਾਰੀ ਮਿੱਤਰੋ : ਇਹ ਤਬਦੀਲੀ ਦਾ ਮੌਕਾ ਹੈ" ਕਾਰਨੀ ਨੇ ਇਸ ਐਡ ਮੁਤਾਬਿਕ ਸਮੂਹ ਕੈਨੇਡੀਅਨ ਕਾਰੋਬਾਰੀ ਜਗਤ ਨੂੰ ਉਨ੍ਹਾਂ ਦੀਆਂ ਇੱਛਾ ਪੂਰਤੀ ਤਬਦੀਲੀਆਂ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਜੀ 7 ਦੇਸ਼ਾਂ ਵਿਚ ਕੈਨੇਡਾ ਨੂੰ ਮਜ਼ਬੂਤ ਆਰਥਿਕ ਸ਼ਕਤੀ ਸਥਾਪਿਤ ਕਰਨ ਦਾ ਭਰੋਸਾ ਦਿਤਾ। ਕਾਰਪੋਰੇਟ ਟੈਕਸ 26.2 ਤੋਂ ਘਟਾ ਅਮਰੀਕਾ ਬਰਾਬਰ 21 ਪ੍ਰਤੀਸ਼ਤ ਕਰਨ ਦਾ ਭਰੋਸਾ ਦਿੱਤਾ। 5 ਲੱਖ ਘਰਾਂ ਦੀ ਉਸਾਰੀ, ਦੋ ਆਮਦਨਾਂ ਵਾਲੇ ਪਰਿਵਾਰਾਂ ਨੂੰ 825 ਡਾਲਰ ਸਲਾਨਾ ਰਾਹਤ, 18 ਤੋਂ 64 ਸਾਲ ਦੇ ਲੋਕਾਂ ਨੂੰ 800 ਡਾਲਰ ਦੰਦਾਂ ਦੀ ਸੰਭਾਲ ਲਈ ਦੇਣ, ਬੱਚਿਆਂ ਅਤੇ ਬਜ਼ੁਰਗਾਂ ਦੀ ਸਾਂਭ-ਸੰਭਾਲ, ਕੀਮਤਾਂ 'ਤੇ ਕੰਟਰੋਲ ਦਾ ਵਾਅਦਾ ਕੀਤਾ। 29 ਅਪ੍ਰੈਲ ਨੂੰ ਅਮਰੀਕੀ ਰਾਸ਼ਟਰਪਤੀ ਨਾਲ ਫੋਨ 'ਤੇ ਗੱਲਬਾਤ ਕਰਕੇ ਇਕ ਹਫ਼ਤੇ ਮਿਲਣ ਅਤੇ ਦੁਵੱਲੇ ਮਸਲੇ ਸੁਲਝਾਉਣ ਦਾ ਅਹਿਦ ਕੀਤਾ। ਟਰੰਪ ਨੇ ਪ੍ਰਧਾਨ ਮੰਤਰੀ ਕਾਰਨੀ ਨੂੰ ਜਿੱਤ ਦੀ ਵਧਾਈ ਦਿਤੀ। ਇਹ ਕਾਰਨੀ ਦੀ ਦੂਰਦਰਸ਼ਤਾ ਦਾ ਪ੍ਰਗਟਾਵਾ ਹੈ।

**ਪ੍ਰਧਾਨ ਮੰਤਰੀ ਕਾਰਨੀ**

ਮਾਰਕ ਕਾਰਨੀ 16 ਮਾਰਚ, 1965 ਵਿਚ ਵਰਲੀ ਮਾਰਗ੍ਰੇਟ ਕੁੱਖੋਂ ਪ੍ਰਿੰਸੀਪਲ ਰਾਬਰਟ ਮਾਰਟਨ ਕਾਰਨੀ ਦੇ ਗ੍ਰਹਿ ਵਿਖੇ ਉੱਤਰ ਪੱਛਮੀ ਖੇਤਰ ਦੇਸ਼ ਹਿਰ ਫੋਰਟ ਸਮਿੱਥ ਵਿਚ ਜਨਮੇ। ਸਕੂਲੀ ਸਿੱਖਿਆ ਅਡਮਿੰਟਨ, ਅਲਬਰਟਾ ਵਿਖੇ ਪ੍ਰਾਪਤ ਕੀਤੀ। ਹਾਰਵਰਡ ਯੂਨੀਵਰਸਿਟੀ ਅਮਰੀਕਾ ਤੋਂ ਗ੍ਰੈਜੂਏਸ਼ਨ ਬਾਅਦ ਪੀ.ਐੱਚ.ਡੀ ਆਕਸਫੋਰਡ ਯੂਨੀਵਰਸਿਟੀ ਲੰਡਨ (ਯੂ.ਕੇ) ਤੋਂ ਕੀਤੀ। ਸੰਨ 2003 ਵਿਚ ਡਿਪਟੀ, ਸੰਨ 2007 ਤੋਂ 2013 ਤੱਕ ਬੈਂਕ ਆਫ ਕੈਨੇਡਾ, ਸੰਨ 2013 ਤੋਂ 2020 ਤੱਕ ਬੈਂਕ ਆਫ ਇੰਗਲੈਂਡ ਦੇ ਗਵਰਨਰ ਰਹੇ। ਸੰਨ 2007-08 ਵਿਚ ਦੇਸ਼ ਨੂੰ ਆਰਥਿਕ ਮੰਦੀ ਤੋਂ ਬਚਾਇਆ। ਵਿਸ਼ਵ ਬੈਂਕ ਸਮੇਤ ਅਨੇਕ ਪ੍ਰਸਿੱਧ ਵਿੱਤੀ ਸੰਸਥਾਵਾਂ ਵਿਚ ਕੰਮ ਕੀਤਾ। ਕੈਨੇਡਾ ਦਾ ਸੁਭਾਗ ਕਿ ਉਸ ਨੂੰ ਸੰਕਟ ਅਤੇ ਅਮਰੀਕੀ ਆਰਥਿਕ ਡਰਾਵਿਆਂ ਨੂੰ ਮਜ਼ਬੂਤੀ, ਨਿਡਰਤਾ ਅਤੇ ਸੂਝ-ਬੂਝ ਭਰੀ ਹਲੀਮੀ ਨਾਲ ਨਜਿੱਠਣ ਲਈ ਭਾਰਤੀ ਡਾ. ਮਨਮੋਹਨ ਸਿੰਘ ਅਰਥ ਸਾਸ਼ਤਰੀ ਵਰਗਾ ਵਿਅਕਤੀ ਪ੍ਰਧਾਨ ਮੰਤਰੀ ਵਜੋਂ ਮਿਲਿਆ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਵਿਸ਼ਵ ਭਰ ਦੇ ਉੱਘੇ ਦੇਸ਼ਾਂ ਦੇ ਆਗੂਆਂ, ਪ੍ਰਸਿੱਧ ਕਾਰੋਬਾਰੀਆਂ ਅਤੇ ਬੁੱਧੀਜੀਵੀਆਂ ਨੇ ਉਨ੍ਹਾਂ ਨੂੰ ਵਧਾਈ ਦਿਤੀ ਅਤੇ ਆਪਸੀ ਨਿੱਘੇ ਸਬੰਧਾਂ ਦੀ ਕਾਮਨਾ ਕੀਤੀ। ਗੁਆਂਢੀ ਮੁਲਕਾਂ ਕੈਨੇਡਾ ਅਤੇ ਅਮਰੀਕਾ ਵੱਲੋਂ ਆਜ਼ਾਦ ਅਤੇ ਪ੍ਰਭੂਸਤਾ ਸੰਪੰਨ ਦੇਸ਼ਾਂ ਵਜੋਂ ਮਿਲ ਕੇ ਚੱਲਣ ਦੀ ਇੱਛਾ ਪ੍ਰਗਟ ਕੀਤੀ। ਇਹ ਲੋਕ ਉਨ੍ਹਾਂ ਦੀ ਪ੍ਰਬੁੱਧਤਾ ਦੇ ਕਾਇਲ ਹਨ। ਕੈਨੇਡਾ ਨੂੰ ਮੁੜ ਵਿਸ਼ਵ ਦਾ ਨੰਬਰ ਇਕ ਦੇਸ਼ ਸਥਾਪਿਤ ਕਰਕੇ ਜਨਤਕ ਵਿਸ਼ਵਾਸ ਬਲਬੂਤੇ ਭਵਿੱਖੀ ਚੋਣਾਂ ਵਿਚ ਬਹੁਮਤ ਪ੍ਰਾਪਤ ਕਰਕੇ ਉਹ ਨਿਰਸੰਦੇਹ ਪ੍ਰਧਾਨ ਮੰਤਰੀ ਵਜੋਂ ਲੰਬੀ ਪਾਰੀ ਖੇਡ ਸਕਦੇ ਹਨ।

**ਅਮਰੀਕੀ ਦਖਲ-ਅੰਦਾਜੀ ਦਾ ਮੂੰਹਤੋੜ ਜਵਾਬ**

ਕੈਨੇਡਾ ਵਿਸ਼ਵ ਦਾ ਇੱਕ ਖ਼ੂਬਸੂਰਤ, ਕੁਦਰਤੀ ਸ੍ਰੋਤਾਂ, ਖਣਿਜ ਪਾਦਰਥਾਂ, ਨੀਲੇ ਪਾਣੀਆਂ, ਗੈਸ ਅਤੇ ਤੇਲ ਜਿਹੇ ਕਾਲੇ ਸੋਨੇ, ਹਾਈਡਰੋ ਪਾਵਰ ਊਰਜਾ, ਖਾਣ-ਪੀਣ ਦੀਆਂ ਵਸਤਾਂ, ਡੇਅਰੀ, ਤਕਨੀਕੀ ਗਿਆਨ ਦੀ ਹੱਬ, ਵਿਸ਼ਾਲ ਟੂਰਿਜ਼ਮ ਨਾਲ ਭਰਭੂਰ ਦੇਸ਼ ਹੈ। ਨਾਨਕ ਦੀ ਕਿਰਤ ਦਾ ਜਾਗ੍ਰਿਤ ਸਰੂਪ ਇਥੇ ਸੁਭਾਏਮਾਨ ਹੈ। ਸਿੱਖ ਫਲਸਫੇ ਵਾਂਗ 'ਘਾਲਿ ਖਾਇ ਕਿਛੁ ਹਥਹੁ ਦੇਇ' ਅਨੁਸਾਰ ਵਿਸ਼ਵ ਦਾ ਸਭ ਤੋਂ ਵੱਡਾ ਦਾਨੀ ਦੇਸ਼ ਹੈ। ਇਸ ਦੇਸ਼ ਦੇ ਲੋਕ ਭਾਈਚਾਰਕ ਸਾਂਝ, ਸਮਾਜਿਕ ਇਨਸਾਫ, ਮਨੁੱਖੀ ਅਜ਼ਾਦੀਆਂ ਅਤੇ ਔਰਤ ਦੇ ਸਨਮਾਨ ਵਿਚ ਵਿਸ਼ਵਾਸ ਰੱਖਦੇ ਹਨ। ਇਸ ਦੀ ਕਿਸੇ ਵਿਸ਼ਵ ਦੇ ਦੇਸ਼ ਨਾਲ ਦੁਸ਼ਮਣੀ ਨਹੀਂ। ਅਤਿ ਦੀ ਹਲੀਮੀ ਭਰੇ ਲੋਕ ਹਨ। ਇਮਾਨਦਾਰੀ ਅਤੇ ਪਾਰਦਰਸ਼ਤਾ ਪੱਖੋਂ ਵਿਸ਼ਵ ਦੇ ਪਹਿਲੇ 5 ਲੋਕਤੰਤਰ ਦੇਸ਼ਾਂ ਵਿਚੋਂ ਇੱਕ ਹੈ। ਜਦਕਿ ਗੁਆਂਢੀ ਅਮਰੀਕਾ ਏਕਾਧਿਕਾਰਵਾਦੀ ਤਾਨਸ਼ਾਹ, ਸੁਪਰਫੌਜੀ ਸ਼ਕਤੀ ਵਜੋਂ ਵਿਸ਼ਵ ਥਾਣੇਦਾਰ ਅਤੇ ਹਮਲਾਵਰ ਤਬੀਅਤ, ਮਾਨਵ ਅਜ਼ਾਦੀਆਂ ਘਾਤੀ ਦੇਸ਼ ਹੈ। ਉਸਨੇ ਸੰਨ 1812, 1866 ਅਤੇ 1891 ਵਿਚ ਇਸ ਖਚੂਬਸੂਰਤ ਦੇਸ਼ 'ਤੇ ਕਬਜ਼ਾ ਜਮਾਉਣ ਦੇ ਯਤਨ ਕੀਤੇ। 28 ਅਪਰੈਲ, ਮਤਦਾਨ ਵਾਲੇ ਦਿਨ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕੈਨੇਡਾ ਚੋਣਾਂ ਵਿਚ ਸਿੱਧਾ ਦਖਲ ਦਿੰਦੇ ਕਿਹਾ ਕਿ ਉਹ ਕੈਨੇਡਾ ਦੇ ਮਹਾਨ ਲੋਕਾਂ ਲਈ ਚੰਗੀ ਕਾਮਨਾ ਕਰਦਾ ਹੈ। ਉਹ ਉਸ ਵਿਅਕਤੀ (ਭਾਵ ਮੈਨੂੰ) ਨੂੰ ਵੋਟ ਕਰਨ ਜਿਸ ਕੋਲ ਸ਼ਕਤੀ ਅਤੇ ਸੂਝ ਹੈ ਉਨ੍ਹਾਂ ਦੇ ਟੈਕਸ ਅੱਧੇ ਕਰਨ, ਉਨ੍ਹਾਂ ਦੀ ਫੌਜੀ ਸ਼ਕਤੀ ਵਧਾਉਣ, ਮੁਫ਼ਤ ਵਿਚ ਵਿਸ਼ਵ ਦੀ ਟੀ.ਸੀ. 'ਤੇ ਪਹੁੰਚਾਉਣ ਦੀ, ਉਨ੍ਹਾਂ ਦੀਆਂ ਕਾਰਾਂ, ਸਟੀਲ, ਐਲਮੂਨੀਅਮ, ਲੱਕੜ, ਊਰਜਾ ਅਤੇ ਹੋਰ ਵਸਤਾਂ ਖਰੀਦਣ ਦੀ, ਉਨ੍ਹਾਂ ਨੂੰ ਚੌਗਣੇ ਰੂਪ ਵਿਚ ਜ਼ੀਰੋ ਟੈਕਸਾਂ ਅਤੇ ਟੈਰਿਫਾਂ ਰਾਹੀਂ ਵਿਕਸਿਤ ਕਰਨ ਦੀ ਜੇਕਰ ਉਹ ਅਮਰੀਕਾ ਦਾ 51ਵਾਂ ਸੂਬਾ ਬਣ ਜਾਣ। ਅਮਰੀਕੀ ਰਾਸ਼ਟਰਪਤੀ ਦੀ ਨੀਮ ਪਾਗਲਪਣ ਦੇ ਦੌਰੇ ਕਰਕੇ ਇਹ ਕਿਸੇ ਮਾਰੂ ਸ਼ਰਮਨਾਕ ਅੱਤਵਾਦੀ ਹਮਲੇ ਤੋਂ ਘੱਟ ਕਾਰਵਾਈ ਨਹੀਂ ਸੀ। ਕੰਜ਼ਰਵੇਟਿਵ ਆਗੂ ਪੈਰੇ ਪੋਲੀਅਵਰ ਅਤੇ ਲਿਬਰਲ ਪਾਰਟੀ ਆਗੂ ਕਾਰਨੇ ਨੇ ਇਸ ਦਾ ਮੂੰਹ ਤੋੜ ਜਵਾਬ ਦਿੰਦੇ ਉਸ ਨੂੰ ਕੈਨੇਡਾ ਚੋਣਾਂ ਤੋਂ ਦੂਰ ਰਹਿਣ ਦੀ ਤੰਬੀਹ ਕੀਤੀ। ਸਾਫ ਕਿਹਾ ਕਿ ਸਾਡਾ ਪ੍ਰਭੂਸਤਾ ਸੰਪਨ ਅਜ਼ਾਦ ਦੇਸ਼ ਕਦੇ ਅਮਰੀਕਾ ਦਾ 55ਵਾਂ ਸੂਬਾ ਨਹੀਂ ਬਣੇਗਾ। ਕਾਰਨੇ ਨੇ ਕੈਨੇਡੀਅਨਾਂ ਵਿਚ ਰਾਸ਼ਟਰਵਾਦ ਦੀ ਰੂਹ ਫੂਕਣ ਲਈ ਦੱਸਿਆ ਕਿ ਅਮਰੀਕੀ ਰਾਸ਼ਟਰਪਤੀ ਦਾ ਅਸਲ ਮਕਸਦ ਸਾਡੇ ਦੇਸ਼ ਨੂੰ ਤੋੜਨਾ ਹੈ ਤਾਂ ਕਿ ਉਹ ਇਸ ਤੇ ਕਬਜ਼ਾ ਕਰ ਸਕੇ। ਅਜਿਹਾ ਕਦੇ ਨਹੀਂ ਹੋਵੇਗਾ।

**ਹੈਰਾਨਕੁੰਨ ਨਤੀਜੇ**

ਕਮਾਲ ਦੀ ਗੱਲ ਇਹ ਰਹੀ ਕਿ ਚੋਣ ਨਤੀਜਿਆਂ ਵਿਚ ਕਿਸੇ ਰਾਜਨੀਤਕ ਪਾਰਟੀ ਨੂੰ ਬਹੁਮਤ ਪ੍ਰਾਪਤ ਨਹੀਂ ਹੋਇਆ ਪਰ ਲਹੂ ਲੁਹਾਨ ਲਿਬਰਲ ਪਾਰਟੀ ਨੂੰ ਮਾਰਕ ਕਾਰਨੀ ਦੀ ਲੀਡਰਸ਼ਿਪ ਨੇ ਜੇਤੂ ਲਕੀਰ ਦੇ ਬਿਲਕੁਲ ਕੰਢੇ 'ਤੇ ਲਿਆ ਕੇ ਖੜ੍ਹਾ ਕਰ ਦਿਤਾ। 343 ਦੇ ਸਦਨ ਵਿਚ ਬਹੁਮਤ ਲਈ 172 ਸੀਟਾਂ ਜ਼ਰੂਰੀ ਸਨ ਜਦਕਿ ਲਿਬਰਲ ਪਾਰਟੀ 169 ਸੀਟਾਂ ਲੈ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ। ਹੰਕਾਰ ਭਰੀ ਬਦਲਾਅ ਦੇ ਹੋਕੇਦਾਰ ਪੋਲੀਅਵਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਨੂੰ 144, ਜਗਮੀਤ ਸਿੰਘ ਦੀ ਅਗਵਾਈ ਵਾਲੀ ਐੱਨ.ਡੀ.ਪੀ. ਨੂੰ 7, ਬਲਾਂਚੇ ਦੀ ਅਗਵਾਈ ਵਾਲੀ ਬਲਾਕ ਕਿਊਬੈਕ ਨੂੰ 22, ਜੋਨਾਥਨ ਪੈਡਨਾਲਟ ਦੀ ਅਗਵਾਈ ਵਾਲੀ ਗਰੀਨ ਪਾਰਟੀ ਨੂੰ ਸਿਰਫ਼ 1 ਸੀਟ ਹਾਸਲ ਹੋਈ। ਇਵੇਂ ਕੈਨੇਡੀਅਨਾਂ ਨੇ ਮਾਰਕ ਕਾਰਨੀ ਦੀ ਲਿਬਰਲ ਪਾਰਟੀ ਦੇ ਹੱਕ ਵਿਚ ਫਤਵਾ ਦਿਤਾ। ਮਾਰਕ ਕਾਰਨੀ ਦੇਸ਼ ਦੇ 25ਵੇਂ ਪ੍ਰਧਾਨ ਮੰਤਰੀ ਬਣ ਗਏ ਹਨ। ਹੈਰਾਨਗੀ ਦੀ ਗੱਲ ਇਹ ਰਹੀ ਕਿ ਕੰਜ਼ਰਵੇਟਿਵ ਆਗੂ ਪੋਲੀਅਵਰ ਦੇ ਪ੍ਰਧਾਨ ਮੰਤਰੀ ਬਣਨ ਦੇ ਸੁਪਨੇ ਚੂਰ ਹੋਣ ਤੋਂ ਇਲਾਵਾ ਉਹ ਆਪਣੇ ਹਲਕੇ ਕਾਰਲੇਟਨ, ਐੱਨ.ਡੀ.ਪੀ. ਆਗੂ ਜਗਮੀਤ ਸਿੰਘ ਬਰਨਬੀ, ਗਰੀਨ ਪਾਰਟੀ ਕੋਲੀਡਰ ਅਟਰਾਮੋਂਟ ਅਤੇ ਪੀਪਲਜ਼ ਪਾਰਟੀ ਆਗੂ ਮੈਕਸਮ ਬਰਨੀਅਰ ਬੀਊਸ ਹਲਕੇ ਵਿਚ ਹਾਰ ਗਏ। ਐੱਨ.ਡੀ.ਪੀ. ਤਾਂ ਆਪਣੀ ਰਾਸ਼ਟਰੀ ਪਾਰਟੀ ਵਜੋਂ ਮਾਨਤਾ ਖੋਹ ਬੈਠੀ। ਇਸ ਲਈ ਸਦਨ ਵਿਚ 12 ਸੀਟਾਂ ਹੋਣਾ ਜ਼ਰੂਰੀ ਹੈ।

# ਪਾਕਿਸਤਾਨੀ ਫ਼ੌਜ ਹੈ ਅੱਤਵਾਦ ਦੀ ਜੜ੍ਹ

ਭਾਰਤ 'ਚ ਅੱਤਵਾਦੀ ਘਟਨਾਵਾਂ ਪਿਛਲੇ ਲਗਪਗ 40-45 ਸਾਲਾਂ ਤੋਂ ਹੋ ਰਹੀਆਂ ਹਨ, ਪਰ ਇਨ੍ਹਾਂ 'ਚ ਕੁਝ ਘਟਨਾਵਾਂ ਇੰਨੀਆਂ ਗੰਭੀਰ ਰਹੀਆਂ ਕਿ ਉਨ੍ਹਾਂ ਨੇ ਉਸ ਵੇਲੇ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦੇ ਦਿੱਤਾ। ਬੀਤੇ ਕੁਝ ਦਹਾਕਿਆਂ ਦੀਆਂ ਘਟਨਾਵਾਂ 'ਤੇ ਨਜਰ ਮਾਰੀਏ ਤਾਂ ਕੁਝ ਅੱਤਵਾਦੀ ਹਮਲੇ ਬਹੁਤ ਦੁਖੀ ਕਰਨ ਵਾਲੇ ਰਹੇ। ਇਨ੍ਹਾਂ 'ਚਪਹਿਲੀ ਘਟਨਾ ਦਸੰਬਰ 2001 ਨੂੰ ਹੋਈ, ਜਦ ਜੈਸ਼ ਅੱਤਵਾਦੀਆਂ ਨੇ ਭਾਰਤੀ ਸੰਸਦ 'ਤੇ ਹਮਲਾ ਕੀਤਾ। ਇਸ ਘਟਨਾ ਨੂੰ ਲੈ ਕੇ ਭਾਰਤ 'ਚ ਬਹੁਤ ਗੁੱਸਾ ਪੈਦਾ ਹੋਇਆ। ਉਸ ਵੇਲੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਹੁਣ 'ਆਰ-ਪਾਰ' ਦੀ ਲੜਾਈ ਹੋਵੇਗੀ।ਭਾਰਤੀ ਫੌਜ ਨੂੰ 'ਆਪ੍ਰੇਸ਼ਨ ਪਰਾਕ੍ਰਮ' ਦੇ ਅਧੀਨ ਪਾਕਿਸਤਾਨ 'ਤੇ ਹਮਲੇ ਦੀ ਤਿਆਰੀ ਦਾ ਨਿਰਦੇਸ਼ ਦਿੱਤਾ ਗਿਆ ਪਰ ਕੁਝ ਕਾਰਨਾਂ ਖਾਸ ਕਰ ਕੇ ਅੰਤਰਰਾਸ਼ਤਰੀ ਦਬਾਅ ਕਾਰਨ ਸਿਆਸੀ ਲੀਡਰਸ਼ਿਪ ਉਸ ਫੈਸਲੇ ਤੋਂ ਪਿੱਛੇ ਹਟ ਗਈ। ਲੈਫਟੀਨੈਂਟ ਜਨਰਲ ਐੱਚਐੱਸ ਪਨਾਗ ਮੁਤਾਬਕ ਉਹ ਅਜਿਹਾ ਮੌਕਾ ਸੀ ਜਦ ਭਾਰਤੀ ਫੌਜ ਹਰ ਪੱਖ ਤੋਂ ਪਾਕਿਸਤਾਨ ਨੂੰ ਹਰਾਉਣ 'ਚ ਸਮਰੱਥ ਸੀ, ਪਰ ਅਸੀਂ ਮੌਕਾ ਖੁੰਝ ਗਏ। ਦੂਜੀ ਵੱਡੀ ਅੱਤਵਾਦੀ ਘਟਨਾ ਤਦ ਹੋਈ, ਜਦ ਲਸ਼ਕਰ-ਏ-ਤੋਇਬਾ ਦੇ ਅੱਤਵਾਦੀਆਂ ਨੇ ਨਵੰਬਰ, 2008 ਨੂੰ ਦੇਸ਼ ਦੀ ਆਰਥਕ ਰਾਜਧਾਨੀ ਮੁੰਬਈ 'ਚ ਇਕੱਠੇ ਕਈ ਥਾਵਾਂ 'ਤੇ ਹਮਲੇ ਕੀਤੇ। ਸਮੁੰਦਰ ਦੇ ਰਸਤੇ ਸ਼ਹਿਰ 'ਚ ਵੜੇ ਅੱਤਵਾਦੀਆਂ ਨੇ 166 ਲੋਕਾਂ ਨੂੰ ਮਾਰ ਦਿੱਤਾ। ਇਸ ਹਮਲੇ 'ਚ 300 ਤੋਂ ਵੱਧ ਲੋਕ ਜਖਮੀ ਹੋਏ। ਇਹ ਭਾਰਤ 'ਤੇ ਸਭ ਤੋਂ ਵੱਡਾ ਅੱਤਵਾਦੀ ਹਮਲਾ ਸੀ। ਬਦਕਿਸਮਤੀ ਕਹੋ ਜਾਂ ਉਸ ਵੇਲੇ ਦੀ ਯੂਪੀਏ ਸਰਕਾਰ ਦੀ ਕਮਜੋਰੀ, ਇਸ ਭਿਆਨਕ ਅੱਤਵਾਦੀ ਹਮਲੇ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ।ਉਸ ਵੇਲੇ ਅੰਦਰੂਨੀ ਸੁਰੱਖਿਆ ਨੂੰ ਮਜਬੂਤ ਕਰਨ ਲਈ ਜਰੂਰ ਕਈ ਮਹੱਤਵਪੂਰਨ ਕਦਮ ਚੁੱਕੇ ਗਏ। ਜਿਵੇਂ ਨੈਸ਼ਨਲ ਸਕਿਓਰਿਟੀ ਗਾਰਡ-ਐੱਨਐੱਸਜੀ ਦੇ ਯੂਨਿਟਾਂ ਨੂੰ ਮੁੰਬਈ, ਕੋਲਕਾਤਾ, ਚੇਨਈ ਤੇ ਹੈਦਰਾਬਾਦ 'ਚ ਵੀ ਸਥਾਪਿਤ ਕੀਤਾ ਗਿਆ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਭਾਵ ਐੱਨਆਈਏ ਦਾ ਗਠਨ ਕੀਤਾ ਗਿਆ। ਮਲਟੀ ਏਜੰਸੀ ਸੈਂਟਰ ਦੀ ਸਥਾਪਨਾ ਹੋਈ ਤੇ ਤੱਟਵਰਤੀ ਸੁਰੱਖਿਆ ਯੋਜਨਾ ਬਣਾਈ ਗਈ, ਜਿਸ ਦੇ ਅੰਤਰਗਤ ਸਮੁੰਦਰੀ ਮਾਰਗਾਂ ਨੂੰ ਸੁਰੱਖਿਅਤ ਕੀਤਾ ਗਿਆ। ਇਸ ਤੋਂ ਬਾਅਦ ਸਤੰਬਰ 2016 'ਚ ਉੜੀ 'ਚ ਪਾਕਿਸਤਾਨੀ ਅੱਤਵਾਦੀਆਂ ਦੇ ਹਮਲੇ 'ਚ ਫੌਜ ਦੇ 18 ਜਵਾਨਾਂ ਨੇ ਆਪਣੀ ਜਾਨ ਗਵਾਈ। ਇਸ ਦੇ ਜਵਾਬ 'ਚ ਮਕਬੂਜਾ ਕਸ਼ਮੀਰ 'ਚ ਸਰਜੀਕਲ ਸਟ੍ਰਾਈਕ ਕੀਤੀ ਗਈ। ਫਿਰ ਫਰਵਰੀ 2019 ਨੂੰ ਪੁਲਵਾਮਾ 'ਚ ਭਿਆਨਕ ਅੱਤਵਾਦੀ ਵਾਰਦਾਤ ਹੋਈ। ਇਸ 'ਤੇ ਭਾਰਤੀ ਹਵਾਈ ਫੌਜ ਨੇ ਜਵਾਬੀ ਕਾਰਵਾਈ ਕਰਦੇ ਹੋਏ ਬਾਲਾਕੋਟ 'ਚ ਅੱਤਵਾਦੀਆਂ ਦੇ ਟਿਕਾਣਿਆਂ 'ਤੇ ਬੰਬਾਰੀ ਕੀਤੀ, ਜਿਸ 'ਚ ਸਾਰੇ ਅੱਤਵਾਦੀ ਮਾਰੇ ਗਏ। ਪਹਿਲਗਾਮ ਦੀ ਘਟਨਾ ਇਸੇ ਕੜੀ 'ਚ ਇਕ ਹੋਰ ਬਹੁਤ ਘਿਨਾਉਣੀ ਘਟਨਾ ਹੈ।ਪਹਿਲਗਾਮ 'ਚ ਅੱਤਵਾਦੀਆਂ ਨੇ 26 ਸੈਲਾਨੀਆਂ ਦੀ ਹੱਤਿਆ ਕਰ ਦਿੱਤੀ। ਸੈਲਾਨੀਆਂ ਤੋਂ ਉਨ੍ਹਾਂ ਦਾ ਨਾਂ ਅਤੇ ਧਰਮ ਪੁੱਛਿਆ ਗਿਆ। ਇਹ ਯਕੀਨੀ ਕਰਨ ਤੋਂ ਬਾਅਦ ਕਿ ਉਹ ਮੁਸਲਮਾਨ ਨਹੀਂ ਹਨ, ਉਨ੍ਹਾਂ ਦੀ ਹੱਤਿਆ ਕੀਤੀ ਗਈ। ਅਜਿਹਾ ਪਹਿਲੀ ਵਾਰ ਹੋਇਆ। ਇਸ ਘਟਨਾ ਨਾਲ ਗੁੱਸਾ ਆਇਆ ਤੇ ਹੈਰਾਨੀ ਵੀ ਹੋਈ। ਹੈਰਾਨੀ ਇਸ ਲਈ, ਕਿਉਂਕਿ ਦਿੱਲੀ ਤੇ ਸ੍ਰੀਨਗਰ ਤੋਂ ਜੋ ਸਰਕਾਰੀ ਬਿਆਨ ਆਉਂਦੇ ਸਨ, ਉਨ੍ਹਾਂ ਤੋਂ ਅਜਿਹਾ ਲਗਦਾ ਸੀ ਕਿ ਹਾਲਾਤ ਆਮ ਹੋ ਰਹੇ ਹਨ। ਉਪ ਰਾਜਪਾਲ ਮਨੋਜ ਸਿਨਹਾ ਨੇ 25 ਫਰਵਰੀ, 2025 ਨੂੰ ਕਿਹਾ ਸੀ ਕੀ ਅੱਤਵਾਦੀ ਸੰਗਠਨਾਂ 'ਚ ਸਥਾਨਕ ਲੜਾਕਿਆਂ ਦੀ ਭਰਤੀ ਹੁਣ ਬੰਦ ਹੋ ਗਈ ਹੈ। ਇਕ ਹੋਰ ਰਿਪੋਰਟ ਮੁਤਾਬਕ ਵਾਦੀ 'ਚ ਸਿਰਫ 59 ਅੱਤਵਾਦੀ ਸਰਗਰਮ ਹਨ। ਇਹ ਵੀ ਦੱਸਿਆ ਗਿਆ ਕਿ 2024 'ਚ 75 ਅੱਤਵਾਦੀਆਂ ਦਾ ਸਫਾਇਆ ਕੀਤਾ ਗਿਆ। ਅਜਿਹਾ ਲਗਦਾ ਹੈ ਕਿ ਸਤ੍ਹਾ ਦੇ ਹੇਠਾਂ ਅੱਤਵਾਦ-ਵੱਖਵਾਦ ਦੀ ਲਹਿਰ ਚੱਲ ਰਹੀ ਸੀ, ਜਿਸ ਦਾ ਮੁਲਾਂਕਣ ਖੁਫੀਆ ਵਿਭਾਗ ਨਹੀਂ ਕਰ ਸਕਿਆ।ਸੁਰੱਖਿਆ ਵਿਵਸਥਾ 'ਚ ਕੁਝ ਕਮਜੋਰੀ ਜਰੂਰ ਸੀ, ਜਿਸ ਬਾਰੇ ਜਾਂਚ ਹੋ ਰਹੀ ਹੈ। ਸ਼ੁਰੂਆਤੀ ਜਾਂਚ 'ਚ 15 ਸਥਾਨਕ ਲੋਕਾਂ ਦਾ ਹੱਥ ਇਸ ਅੱਤਵਾਦੀ ਹਮਲੇ 'ਚ ਪਾਇਆ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਚਿਤਾਵਨੀ ਦਿੱਤੀ ਕਿ ਅੱਤਵਾਦੀਆਂ ਦੀ ਪਛਾਣ ਕੀਤੀ ਜਾਵੇਗੀ ਤੇ ਉਨ੍ਹਾਂ ਨਾਲ ਉਨ੍ਹਾਂ ਨੂੰ ਭੇਜਣ ਵਾਲਿਆਂ ਨੂੰ ਸਜਾ ਦਿੱਤੀ ਜਾਵੇਗੀ ਤੇ ਇਸ ਲਈ ਧਰਤੀ ਦੇ ਹਰ ਕੋਨੇ ਤੱਕ ਉਨ੍ਹਾਂ ਦਾ ਪਿੱਛਾ ਕੀਤਾ ਜਾਵੇਗਾ। ਉਨ੍ਹਾਂ ਨੇ ਸਾਫ ਕਿਹਾ ਕਿ ਦੋਸ਼ੀਆਂ ਨੂੰ ਉਨ੍ਹਾਂ ਦੀ ਕਲਪਨਾ ਤੋਂ ਵੀ ਵੱਡੀ ਸਜਾ ਮਿਲ ਕੇ ਰਹੇਗੀ ਤੇ ਅੱਤਵਾਦੀਆਂ ਦੀ ਬਚੀ ਖੁਚੀ ਜਮੀਨ ਨੂੰ ਮਿੱਟੀ 'ਚ ਮਿਲਾਇਆ ਜਾਵੇਗਾ।ਭਾਰਤ ਸਰਕਾਰ ਨੇ ਸਿਆਸੀ ਅਤੇ ਕੂਟਨੀਤਕ ਪੱਧਰ 'ਤੇ ਜੋ ਕਦਮ ਚੁੱਕੇ ਹਨ, ਉਹ ਕਾਫੀ ਲਗਦੇ ਹਨ। ਸਭ ਤੋਂ ਵੱਡਾ ਤੇ ਸਖਤ ਕਦਮ ਹੈ ਸਿੰਧੂ ਜਲ ਸਮਝੌਤੇ ਨੂੰ ਰੋਕਣ ਦਾ ਫੈਸਲਾ। ਭਾਰਤ ਨੇ ਕਿਹਾ ਹੈ ਕਿ ਜਦ ਤੱਕ ਪਾਕਿਸਤਾਨ ਅੱਤਵਾਦ ਦੇ ਖਿਲਾਫ ਪੁਖਤਾ ਕਾਰਵਾਈ ਨਹੀਂ ਕਰੇਗਾ, ਤਦ ਤੱਕ ਇਹ ਸਮਝੌਤਾ ਰੁਕਿਆ ਰਹੇਗਾ।ਭਾਰਤ ਹੁਣ ਪਾਕਿਸਤਾਨ ਨਾਲ ਨਦੀਆਂ ਦੇ ਜਲ ਵਹਾਅ ਦਾ ਡਾਟਾ ਸ਼ੇਅਰ ਨਹੀਂ ਕਰੇਗਾ। ਇਸ ਨਾਲ ਪਾਕਿਸਤਾਨ ਨੂੰ ਵਾਟਰ ਮੈਨੇਜਮੈਂਟ ਦੀ ਜਾਣਕਾਰੀ ਨਹੀਂ ਮਿਲ ਸਕੇਗੀ। ਜਿੱਥੇ ਤੱਕ ਪਾਣੀ ਰੋਕਣ ਦਾ ਸਵਾਲ ਹੈ, ਉਸ 'ਚ ਤਾਂ ਸਮਾਂ ਲੱਗੇਗਾ ਕਿਉਂਕਿ ਇਸ ਲਈ ਸਰੋਵਰ ਬਣਾਉਣੇ ਪੈਣਗੇ, ਹਾਈਡ੍ਰੋਇਲੈਕਟ੍ਰਿਕ ਪ੍ਰੋਜੈਕਟ ਖੜ੍ਹੇ ਕਰਨੇ ਪੈਣਗੇ ਤੇ ਭਾਰਤ ਪਾਣੀ ਦੇ ਵਹਾਅ ਨੂੰ ਰੋਕੇਗਾ ਤਾਂ ਪਾਕਿਸਤਾਨ 'ਚ ਹਾਹਾਕਾਰ ਮਚੇਗੀ। ਅੱਜ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੂਟਨੀਤਕ ਪੱਧਰ 'ਤੇ ਭਾਰਤ ਕੀ ਕਾਰਵਾਈ ਕਰੇਗਾ? ਅਤੀਤ 'ਚ ਅਸੀਂ ਸਰਜੀਕਲ ਸਟ੍ਰਾਈਕ ਤੇ ਏਅਰ ਸਟ੍ਰਾਈਕ ਕਰ ਚੁੱਕੇ ਹਾਂ, ਪਰ ਉਨ੍ਹਾਂ ਦਾ ਕੋਈ ਵੱਡਾ ਨਤੀਜਾ ਨਹੀਂ ਨਿਕਲਿਆ। ਕੁੱਤੇ ਦੀ ਪੂਛ ਟੇਢੀ ਦੀ ਟੇਢੀ ਹੀ ਰਹਿੰਦੀ ਹੈ, ਤੁਸੀਂ ਉਸ ਨੂੰ ਕਿੰਨਾ ਵੀ ਸਿੱਧਾ ਕਰਨ ਦੀ ਕੋਸ਼ਿਸ਼ ਕਰ ਲਵੋ।ਸਾਨੂੰ ਸਮਝਣਾ ਪਵੇਗਾ ਕਿ ਅੱਤਵਾਦ ਦਾ ਸ੍ਰੋਤ ਪਾਕਿਸਤਾਨ ਦੀ ਫੌਜ ਤੇ ਉਸ ਦੀ ਖੁਫੀਆ ਏਜੰਸੀ ਆਈਐੱਸਆਈ ਹੈ। ਜਦ ਤੱਕ ਉਨ੍ਹਾਂ ਦੋਵਾਂ 'ਤੇ ਸੱਟ ਨਹੀਂ ਮਾਰੀ ਜਾਂਦੀ, ਤਦ ਤੱਕ ਪਾਕਿਸਤਾਨ ਅੱਤਵਾਦ ਦਾ ਕਾਰੋਬਾਰ ਕਰਦਾ ਰਹੇਗਾ ਤੇ ਭਾਰਤ ਨੂੰ ਤੰਗ ਕਰਦਾ ਰਹੇਗਾ। ਜਰੂਰਤ ਇਸ ਦੀ ਹੈ ਕਿ ਪਾਕਿਸਤਾਨੀ ਫੌਜ ਦਾ ਲੱਕ ਤੋੜ ਦਿੱਤਾ ਜਾਵੇ ਤੇ ਆਈਐੱਸਆਈ ਨੂੰ ਤਬਾਹ ਕਰ ਦਿੱਤਾ ਜਾਵੇ। ਜਦ ਤੱਕ ਅਜਿਹਾ ਨਹੀਂ ਹੋਵੇਗਾ, ਪਾਕਿਸਤਾਨ ਆਪਣੀ ਆਦਤ ਤੋਂ ਬਾਜ ਨਹੀਂ ਆਵੇਗਾ। ਸਾਨੂੰ ਆਪਣੇ ਸੁਰੱਖਿਆ ਤੰਤਰ ਨੂੰ ਹੋਰ ਮਜਬੂਤ ਕਰਨਾ ਪਵੇਗਾ। ਸਰਹੱਦ ਦੀ ਸੁਰੱਖਿਆ, ਗੁਪਤ ਸੂਚਨਾਵਾਂ ਨੂੰ ਇਕੱਠਾ ਕਰਨ ਤੇ ਖਤਰਾ ਹੋਣ 'ਤੇ ਸੁਰੱਖਿਆ ਦਸਤਿਆਂ ਵੱਲੋਂ ਤੁਰੰਤ ਕਾਰਵਾਈ, ਇਨ੍ਹਾਂ ਸਾਰਿਆਂ 'ਚ ਸੁਧਾਰ ਦੀ ਲੋੜ ਹੈ। ਹੁਣ ਸਾਨੂੰ ਹਰ ਪੱਧਰ 'ਤੇ ਚੌਕਸ ਹੋ ਜਾਣਾ ਚਾਹੀਦਾ ਹੈ, ਕਿਉਂਕਿ ਪਾਣੀ ਸਿਰ ਦੇ ਉੱਪਰ ਚਲਿਆ ਗਿਆ ਹੈ। ਉਮੀਦ ਹੈ ਕਿ ਇਸ ਵਾਰ ਭਾਰਤ ਸਹੀ ਅਰਥਾਂ 'ਚ ਦਲੇਰੀ ਦਿਖਾਏਗਾ-ਕਾਗਜ 'ਤੇ ਨਹੀਂ, ਸੰਸਦ 'ਚ ਭਾਸ਼ਣ ਦੇ ਕੇ ਨਹੀਂ, ਬਲਕਿ ਅਸਲ 'ਚ। ਹੁਣ ਪਾਕਿਸਤਾਨ ਦੇ ਕਬਜੇ ਵਾਲੇ ਕਸ਼ਮੀਰ ਨੂੰ ਵੀ ਵਾਪਸ ਲੈਣ ਦਾ ਸਮਾਂ ਆ ਗਿਆ ਹੈ। ਜਿਕਰਯੋਗ ਹੈ ਕਿ ਇਸ ਦੌਰਾਨ ਪਾਕਿਸਤਾਨ ਦੇ ਕੁਝ ਆਗੂ ਵਾਰ-ਵਾਰ ਪਰਮਾਣੂ ਬੰਬ ਦੀ ਵਰਤੋਂ ਦੀ ਧਮਕੀ ਦਿੰਦੇ ਹਨ। ਪਾਕਿਸਤਾਨ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਤਾਂ ਪਰਮਾਣੂ ਬੰਬ ਦਾ ਸਾਹਮਣਾ ਕਰ ਲਵੇਗਾ, ਪਰ ਉਸ ਦੀ ਹੋਂਦ ਹੀ ਮਿਟ ਜਾਵੇਗੀ।

# ਦੂਰਦਰਸ਼ੀ ਸਿਆਸਤਦਾਨ ਗਿਆਨੀ ਜ਼ੈਲ ਸਿੰਘ, ਵੱਖ-ਵੱਖ ਅਹੁਦਿਆਂ 'ਤੇ ਰਹਿੰਦਿਆਂ ਕੀਤੇ ਅਨੇਕਾਂ ਸਮਾਜ ਭਲਾਈ ਦੇ ਕੰਮ

ਗਿਆਨੀ ਜ਼ੈਲ ਸਿੰਘ ਨੇ ਭਾਰਤ ਦੇ ਸੱਤਵੇਂ ਰਾਸ਼ਟਰਪਤੀ ਬਣ ਕੇ ਪਿੰਡ ਸੰਧਵਾਂ ਤੋਂ ਦਿੱਲੀ ਦੇ ਰਾਸ਼ਟਰਪਤੀ ਭਵਨ ਤੱਕ ਦਾ ਸਫਰ ਤੈਅ ਕੀਤਾ। ਉਨ੍ਹਾਂ ਨੇ 9 ਮਈ 1916 ਨੂੰ ਮਾਤਾ ਇੰਦ ਕੌਰ ਦੀ ਕੁੱਖੋਂ ਭਾਈ ਕਿਸ਼ਨ ਸਿੰਘ ਦੇ ਘਰ ਪਿੰਡ ਸੰਧਵਾਂ ਵਿਖੇ ਜਨਮ ਲਿਆ ਸੀ। ਉਨ੍ਹਾਂ ਦਾ ਸਿੱਖ ਧਰਮ ਅਤੇ ਗੁਰਬਾਣੀ ਵਿਚ ਅਟੁੱਟ ਵਿਸ਼ਵਾਸ ਅਤੇ ਸ਼ਰਧਾ ਸੀ। ਉਨ੍ਹਾਂ ਦਾ ਪਿਛੋਕੜ ਕਿਰਤੀ ਪਰਿਵਾਰ ਨਾਲ ਸਬੰਧਤ ਸੀ। ਉਨ੍ਹਾਂ ਨੇ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲਿਆ ਤੇ ਗੁਰਬਾਣੀ ਨੂੰ ਆਪਣਾ ਮਾਰਗ ਦਰਸ਼ਕ ਬਣਾਇਆ। ਗਿਆਨੀ ਜੀ ਮਾਲਵੇ ਦੀ ਧਰਤੀ 'ਤੇ ਪਿੰਡ ਸੰਧਵਾਂ ਵਿਖੇ ਜੰਮੇ ਪਲੇ। ਇੱਥੇ ਹੀ ਉਨ੍ਹਾਂ ਨੇ ਸੁਤੰਤਰਤਾ ਸੰਗਰਾਮ ਲਈ ਪਰਜਾਮੰਡਲ ਲਹਿਰ ਚਲਾਈ, ਜੇਲ੍ਹਾਂ ਕੱਟੀਆਂ ਤੇ ਤਸੀਹੇ ਝੱਲੇ। ਉਨ੍ਹਾਂ ਨੇ 1972 ਵਿਚ ਖਾਲਸੇ ਦੇ ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਤੋਂ ਜਿੱਤ ਪ੍ਰਾਪਤ ਕਰ ਕੇ ਪੰਜਾਬ ਦੀ ਵਾਗਡੋਰ ਸੰਭਾਲੀ ਸੀ। ਉਹ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਬਣੇ।ਗਿਆਨੀ ਜ਼ੈਲ ਸਿੰਘ ਜਦ 7 ਮਾਰਚ 1972 ਨੂੰ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸ੍ਰੀ ਅਨੰਦਪੁਰ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਜੋੜਣ ਵਾਲਾ 640 ਕਿਲੋਮੀਟਰ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਬਣਵਾਇਆ।ਗਿਆਨੀ ਜੀ ਨੇ ਇਹ ਮਾਰਗ ਬਣਾਉਣ ਤੋਂ ਪਹਿਲਾਂ ਉਸ ਵੇਲੇ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸਾਰੀਆਂ ਸਿਆਸੀ ਪਾਰਟੀਆਂ ਦੇ ਮੁਖੀਆਂ, ਸੰਤਾਂ ਤੇ ਮਹਾਂਪੁਰਸ਼ਾਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਮੀਟਿੰਗ ਬੁਲਾਈ ਸੀ। ਗਿਆਨੀ ਜੀ ਦਾ ਦੂਜਾ ਵੱਡਾ ਕਾਰਨਾਮਾ ਮਹਾਨ ਸੂਫੀ ਸੰਤ ਬਾਬਾ ਫ਼ਰੀਦ ਦੀ ਵਰੋਸਾਈ ਧਰਤੀ ਤੇ ਆਪਣੇ ਜੱਦੀ ਪਿੰਡ ਸੰਧਵਾਂ ਦੇ ਨਜ਼ਦੀਕ ਫ਼ਰੀਦਕੋਟ ਨੂੰ 7 ਅਗਸਤ 1972 ਨੂੰ ਪੰਜਾਬ ਦਾ 12ਵਾਂ ਜਿਲ੍ਹਾ ਬਣਾਉਣਾ ਸੀ।ਗਿਆਨੀ ਜ਼ੈਲ ਸਿੰਘ ਦੀ ਸ਼ਖ਼ਸੀਅਤ ਬਾਰੇ ਕੁਝ ਗੱਲਾਂ ਖਾਸ ਹਨ। ਉਹ ਬਹੁਤ ਸੂਝਵਾਨ ਅਤੇ ਦੂਰਦਰਸ਼ੀ ਸਨ। ਉਹ ਨਿੱਘੇ ਸੁਭਾਅ ਦੇ ਵਿਅਕਤੀ ਸਨ। ਉਹ ਆਮ ਲੋਕਾਂ ਤੋਂ ਲੈ ਕੇ ਆਪਣੇ ਵਿਰੋਧੀਆਂ ਤੱਕ ਨਿਮਰਤਾ ਤੇ ਹਲੀਮੀ ਨਾਲ ਪੇਸ਼ ਆਉਂਦੇ ਸਨ। ਇਤਿਹਾਸਕ ਪੱਖ 'ਤੇ ਨਜ਼ਰ ਮਾਰੀਏ ਤਾਂ ਗਿਆਨੀ ਜ਼ੈਲ ਸਿੰਘ ਨੂੰ 25 ਜੁਲਾਈ 1982 ਨੂੰ ਭਾਰਤ ਦੇ 7ਵੇਂ ਰਾਸ਼ਟਰਪਤੀ ਬਣਨ ਉਪਰੰਤ ਲਾਲ ਕਿਲ੍ਹੇ 'ਤੇ 26 ਜਨਵਰੀ 1983 ਨੂੰ ਤਿਰੰਗਾ ਲਹਿਰਾਉਣ ਦਾ ਮਾਣ ਪ੍ਰਾਪਤ ਹੋਇਆ ਸੀ ਅਤੇ ਉਹ ਇਸ ਅਹੁਦੇ 'ਤੇ 25 ਜੁਲਾਈ 1987 ਤੱਕ ਰਹੇ।ਇਸ ਤੋਂ ਪਹਿਲਾਂ ਉਹ ਪੈਪਸੂ ਵਿਚ ਮਾਲ ਅਤੇ ਖੇਤੀਬਾੜੀ ਮੰਤਰੀ, 1972 ਤੋਂ 1977 ਤੱਕ ਪੰਜਾਬ ਦੇ ਮੁੱਖ ਮੰਤਰੀ, 1980 ਤੋਂ 1982 ਤੱਕ ਭਾਰਤ ਦੇ ਗ੍ਰਹਿ ਮੰਤਰੀ ਰਹੇ। ਉਹ ਸਾਰੀ ਉਮਰ ਕਾਂਗਰਸ ਪਾਰਟੀ 'ਚ ਰਹੇ। ਉਨ੍ਹਾਂ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਸਿਆਸਤ ਤੋਂ ਹਮੇਸ਼ਾ ਦੂਰ ਰੱਖਿਆ। ਗਿਆਨੀ ਜੀ ਰੋਜ਼ਾਨਾ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੁਕਮਨਾਮਾ ਲੈਂਦੇ ਸਨ।

ਉਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਕਈ ਕਦਮ ਚੁੱਕੇ। ਇਨ੍ਹਾਂ ਵਿਚ ਪਿੰਡਾਂ ਦਾ ਸੌ-ਫ਼ੀਸਦੀ ਬਿਜਲੀਕਰਨ ਸਭ ਤੋਂ ਵੱਡੀ ਪ੍ਰਾਪਤੀ ਰਹੀ। ਉਹ ਫ਼ਰੀਦਕੋਟ ਵਿਖੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਲਿਆਏ, ਜੋ ਹੁਣ ਬਾਬਾ ਫ਼ਰੀਦ ਮੈਡੀਕਲ ਯੂਨੀਵਰਸਟੀ ਬਣ ਗਈ ਹੈ। ਇਹ ਪੱਛੜੇ ਇਲਾਕੇ ਦੇ ਲੋਕਾਂ ਲਈ ਵੱਡੀ ਸਹੂਲਤ ਹੈ। ਗਿਆਨੀ ਜੀ ਦੇ ਸਮੇਂ ਲੈਂਡ ਸੀਲਿੰਗ ਐਕਟ 1972 ਬਣਿਆ। ਉਨ੍ਹਾਂ ਨੇ ਜੇਲ੍ਹਾਂ ਦੇ ਸੁਧਾਰ ਲਈ ਵੀ ਵਿਸ਼ੇਸ਼ ਧਿਆਨ ਦਿੱਤਾ।ਗਿਆਨੀ ਜੀ ਦੇ ਯਤਨਾਂ ਨਾਲ ਹੀ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਇੰਗਲੈਂਡ ਤੋਂ ਭਾਰਤ ਲਿਆਂਦੀਆਂ ਗਈਆਂ ਤੇ ਉਨ੍ਹਾਂ ਦੀ ਸੁਨਾਮ ਵਿਖੇ ਯਾਦਗਾਰ ਕਾਇਮ ਕੀਤੀ ਗਈ। ਮਾਲੇਰਕੋਟਲਾ ਵਿਖੇ ਕੂਕਿਆਂ (ਨਾਮਧਾਰੀਆਂ) ਦੀ ਸ਼ਹੀਦੀ ਵਾਲੀ ਥਾਂ 'ਤੇ ਯਾਦਗਾਰ ਕਾਇਮ ਕਰਨਾ, ਢੁੱਡੀਕੇ ਵਿਖੇ ਲਾਲਾ ਲਾਜਪਤ ਰਾਏ ਤੇ ਗਦਰੀ ਬਾਬਿਆਂ ਦੀ ਯਾਦਗਾਰ ਬਣਾਉਣਾ ਉਨ੍ਹਾਂ ਦੇ ਇਤਿਹਾਸਕ ਫੈਸਲੇ ਸਨ। ਉਨ੍ਹਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਹੁਸੈਨੀਵਾਲਾ ਵਿਖੇ ਯਾਦਗਾਰ ਬਣਵਾਈ। ਗਿਆਨੀ ਜੀ ਨੇ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਸੀਸ ਝੁਕਾਉਂਦਿਆਂ ਉਨ੍ਹਾਂ ਦੀ ਮਾਤਾ ਸ੍ਰੀਮਤੀ ਵਿੱਦਿਆਵਤੀ ਨੂੰ 'ਪੰਜਾਬ ਮਾਤਾ' ਦੇ ਖ਼ਿਤਾਬ ਨਾਲ ਸਨਮਾਨਿਆ। ਕੇਂਦਰ ਸਰਕਾਰ ਵਲੋਂ ਆਜਾਦੀ ਘੁਲਾਟੀਆਂ ਨੂੰ ਸਨਮਾਨ ਦੇਣ ਲਈ 'ਤਾਮਰ ਪੱਤਰ ਤੇ ਪੈਨਸ਼ਨਾਂ' ਦੇਣ ਦੀ ਸਕੀਮ ਤਿਆਰ ਕਰਨ ਵਿਚ ਗਿਆਨੀ ਜੀ ਦਾ ਵਿਸ਼ੇਸ ਯੋਗਦਾਨ ਸੀ ਕਿਉਂਕਿ ਉਹ ਖ਼ੁਦ ਪਰਜਾਮੰਡਲ ਲਹਿਰ ਵਿਚ ਸਰਗਰਮ ਰਹੇ ਸਨ। ਉਹ ਹਮੇਸ਼ਾ ਆਜਾਦੀ ਘੁਲਾਟੀਆਂ ਦੀ ਮਦਦ ਨੂੰ ਪਹਿਲ ਦਿੰਦੇ ਸਨ। ਉਨ੍ਹਾਂ ਦੇ ਪੁਰਾਣੇ ਸਾਥੀ ਅਤੇ ਵਾਰਿਸ ਅੱਜ ਵੀ ਉਨ੍ਹਾਂ ਦੀਆਂ ਕਹਾਣੀਆਂ ਫ਼ਖ਼ਰ ਨਾਲ ਸੁਣਾਉਂਦੇ ਹਨ।ਗਿਆਨੀ ਜੀ ਦਾ ਆਪਣੇ ਆਪ 'ਤੇ ਪੂਰੀ ਤਰ੍ਹਾਂ ਕੰਟਰੋਲ ਸੀ। ਉਹ ਵੱਡੀ ਤੋਂ ਵੱਡੀ ਘਟਨਾ ਹੋਣ 'ਤੇ ਵੀ ਅਡੋਲ ਰਹੇ। ਉਨ੍ਹਾਂ ਦੇ ਕਾਰਜਕਾਲ ਦੌਰਾਨ ਸਿਆਸੀ ਪਾਰਟੀਆਂ ਦੇ ਨੇਤਾਵਾਂ ਜਾਂ ਲੋਕਾਂ ਨਾਲ ਕਿਸੇ ਤਰ੍ਹਾਂ ਦੀ ਜ਼ਿਆਦਤੀ ਜਾਂ ਬਦਲਾਖੋਰੀ ਦੀ ਕੋਈ ਘਟਨਾ ਨਹੀਂ ਮਿਲਦੀ। ਗਿਆਨੀ ਜੀ ਨੂੰ ਵਿਰੋਧੀ ਸਿਆਸੀ ਪਾਰਟੀਆਂ ਦੇ ਕਈ ਨੇਤਾ ਆਪਣਾ ਸਿਆਸੀ ਗੁਰੂ ਮੰਨਦੇ ਸਨ ਤੇ ਲੋੜ ਪੈਣ 'ਤੇ ਉਨ੍ਹਾਂ ਤੋਂ ਸਲਾਹ ਵੀ ਲੈਂਦੇ ਸਨ।ਗਿਆਨੀ ਜੀ ਆਖਰੀ ਸਮੇਂ ਆਪਣੀ ਜਨਮ ਭੂਮੀ ਸੰਧਵਾਂ, ਕੋਟਕਪੂਰਾ ਤੇ ਫਰੀਦਕੋਟ ਵਿਚ ਦੋਸਤਾਂ ਮਿੱਤਰਾਂ ਨੂੰ ਮਿਲ ਕੇ ਗਏ। ਕੁਝ ਦਿਨਾਂ ਬਾਅਦ 29 ਨਵੰਬਰ 1994 ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸ੍ਰੀ ਕੀਰਤਪੁਰ ਸਾਹਿਬ ਨੇੜੇ ਐਕਸੀਡੈਂਟ ਹੋਇਆ ਜੋ ਜਾਨਲੇਵਾ ਸਾਬਤ ਹੋਇਆ। ਆਪਣੀਆਂ ਮਿੱਠੀਆਂ ਯਾਦਾਂ ਛੱਡਦੇ ਹੋਏ ਉਹ 25 ਦਸੰਬਰ 1994 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸਸਕਾਰ ਦਿੱਲੀ ਵਿਖੇ ਕੀਤਾ ਗਿਆ। ਹੁਣ ਗਿਆਨੀ ਜੀ ਦੇ ਪਰਿਵਾਰਕ ਮੈਂਬਰ ਸਰਗਰਮ ਸਿਆਸਤ ਵਿਚ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੇ ਵੱਡੇ ਭਰਾ ਜੰਗੀਰ ਸਿੰਘ ਦੇ ਪੋਤਰੇ ਸ. ਕੁਲਤਾਰ ਸਿੰਘ ਸੰਧਵਾਂ ਆਮ ਆਦਮੀ ਪਾਰਟੀ ਵਲੋਂ ਹਲਕਾ ਕੋਟਕਪੂਰਾ ਤੋਂ ਵਿਧਾਇਕ ਬਣ ਕੇ ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਵਜੋਂ ਭੂਮਿਕਾ ਨਿਭਾ ਰਹੇ ਹਨ। ਗਿਆਨੀ ਜੀ ਦੇ ਆਪਣੇ ਪੋਤਰੇ ਇੰਦਰਜੀਤ ਸਿੰਘ ਬੱਬੂ ਭਾਰਤੀ ਜਨਤਾ ਪਾਰਟੀ ਵਿਚ ਸਰਗਰਮ ਹਨ। ਉਨ੍ਹਾਂ ਦਾ ਜੀਵਨ ਭਰ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨਾਲ ਪਿਆਰ ਵਾਲਾ ਵਰਤਾਓ ਰਿਹਾ ਸੀ। ਉਨ੍ਹਾਂ ਦੀ ਜੀਵਨੀ ਸਿਆਸੀ ਨੁਮਾਇੰਦਿਆਂ ਲਈ ਪ੍ਰੇਰਨਾਸ੍ਰੋਤ ਹੈ।

# ਪੰਜਾਬੀ ਅਦਾਕਾਰ ਤੇ ਹਿਦਾਇਤਕਾਰ ਬਲਰਾਜ ਮਹਿਤਾ

ਬਲਰਾਜ ਮਹਿਤਾ ਦੀ ਪੈਦਾਇਸ਼ 22 ਅਪਰੈਲ 1918 ਨੂੰ ਲਾਹੌਰ ਦੇ ਪੰਜਾਬੀ ਖੱਤਰੀ ਪਰਿਵਾਰ ਵਿੱਚ ਹੋਈ। ਉਸ ਦੇ ਪਿਤਾ ਸੁੱਖ ਦਿਆਲ ਮਹਿਤਾ ਕਮਿਸ਼ਨਰ ਦਫ਼ਤਰ ਲਾਹੌਰ ਦੇ ਸੁਪਰਡੈਂਟ ਸਨ। ਉਸ ਨੇ ਇਬਤਿਦਾਈ ਤਾਲੀਮ ਸੈਂਟਰਲ ਮਾਡਲ ਹਾਈ ਸਕੂਲ, ਲਾਹੌਰ ਤੋਂ ਪ੍ਰਾਪਤ ਕੀਤੀ। ਦਸਵੀਂ ਪਾਸ ਕਰਨ ਤੋਂ ਬਾਅਦ ਉੱਚ ਤਾਲੀਮ ਹਾਸਲ ਕਰਨ ਲਈ ਲਾਹੌਰ ਦੇ ਗੌਰਮਿੰਟ ਦਿਆਲ ਸਿੰਘ ਕਾਲਜ ਵਿੱਚ ਦਾਖ਼ਲਾ ਲਿਆ। 1939 ਵਿੱਚ ਬਲਰਾਜ ਨੇ ਇੱਥੋਂ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਨੇ ਆਪਣੇ ਵਿੱਦਿਅਕ ਸਫ਼ਰ ਦੌਰਾਨ ਹਰ ਕਿਸੇ ਨੂੰ ਆਪਣੀਆਂ ਖੇਡਾਂ ਦੁਆਰਾ ਪ੍ਰਭਾਵਿਤ ਕੀਤਾ, ਜਿਸ ਲਈ ਉਸ ਨੂੰ ਵੱਖ-ਵੱਖ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ।

ਬਚਪਨ ਤੋਂ ਹੀ ਕ੍ਰਾਂਤੀਕਾਰੀ ਖ਼ਿਆਲਾਤ ਵਾਲਾ ਬਲਰਾਜ ਗਰੀਬਾਂ ਤੇ ਜ਼ਰੂਰਤਮੰਦਾਂ ਦੀ ਭਲਾਈ ਵਾਸਤੇ ਹਮੇਸ਼ਾਂ ਯਤਨਸ਼ੀਲ ਰਿਹਾ। ਬ੍ਰਿਟਿਸ਼ ਹਕੂਮਤ ਦੇ ਉਸ ਦੌਰ ਵਿੱਚ ਵੀ ਉਹ ਹਮੇਸ਼ਾਂ ਭਾਰਤ ਦੇ ਲੱਖਾਂ ਲੋਕਾਂ ਦੀ ਤਰਸਯੋਗ ਹਾਲਤ ਨੂੰ ਵੇਖ ਕੇ ਚਿੰਤਤ ਰਹਿੰਦਾ ਸੀ। ਕੁਰਬਾਨੀ ਦੇ ਪ੍ਰਤੀਕ ਵਜੋਂ ਇੱਕ ਉੱਚੀ-ਸੁੱਚੀ ਸੋਚ ਨਾਲ ਭਰਪੂਰ ਹੋਣ ਦੇ ਬਾਵਜੂਦ ਉਸ ਨੇ ਇੱਕ ਸਾਦਾ ਤੇ ਨਿਮਰ ਜੀਵਨ ਬਤੀਤ ਕੀਤਾ। ਉਹ 1935 ਤੋਂ 1937 ਤੱਕ ਪੰਜਾਬ ਸਟੂਡੈਂਟਸ ਯੂਨੀਅਨ, ਲਾਹੌਰ ਦੇ ਜਨਰਲ ਸਕੱਤਰ ਦੇ ਸਮਰੱਥ ਅਹੁਦੇ 'ਤੇ ਵੀ ਰਿਹਾ। ਇਹ ਉਹੀ ਸਨ ਜਿਸ ਨੇ 1936-37 ਵਿੱਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦਾ ਗਠਨ ਕੀਤਾ। ਸਾਲ 1944-45 ਵਿੱਚ ਉਸ ਨੇ ਲਾਹੌਰ ਵਿੱਚ ਫਿਲਮ ਆਰਟਿਸਟ ਐਸੋਸੀਏਸ਼ਨ ਦੇ ਸਕੱਤਰ ਵਜੋਂ ਵੀ ਆਪਣੇ ਫਰਜ਼ ਨਿਭਾਏ ਤੇ ਕਿੰਨਾ ਚਿਰ ਇਸ ਦੀ ਕਾਰਜਕਾਰੀ ਸੰਸਥਾ ਦਾ ਮੈਂਬਰ ਵੀ ਰਿਹਾ। ਦੇਸ਼ ਦੀ ਸੇਵਾ ਕਰਨਾ ਉਸ ਦਾ ਜਨੂੰਨ ਅਤੇ ਟੀਚੇ ਨੂੰ ਪ੍ਰਾਪਤ ਕਰਨਾ ਉਸ ਦਾ ਚਿਰੋਕਣਾ ਸੁਫ਼ਨਾ ਸੀ। ਲਿਹਾਜ਼ਾ ਇਸ ਉਦੇਸ਼ ਨੂੰ ਮੱਦੇਨਜ਼ਰ ਰੱਖਦਿਆਂ ਉਸ ਨੇ ਭਾਰਤੀ ਰੰਗਮੰਚ ਦੀ ਸਥਾਪਨਾ ਕੀਤੀ। 1945 ਦੇ ਅਖ਼ੀਰ ਵਿੱਚ ਸਟੇਜ ਉੱਤੇ ਇੱਕ ਸਵੈ-ਲਿਖਤ ਨਾਟਕ 'ਆਵਾਜ਼' ਦਾ ਨਿਰਮਾਣ ਕੀਤਾ, ਜਿਸ ਨੂੰ ਆਵਾਮ ਦੁਆਰਾ ਬੇਹੱਦ ਸਲਾਹਿਆ ਤੇ ਸਫਲ ਮੰਨਿਆ ਗਿਆ ਸੀ। ਉਸ ਦਾ ਇਹੀ ਹੁਨਰ ਉਸ ਨੂੰ ਲਾਹੌਰ ਤੋਂ ਫਿਲਮਾਂ ਦੇ ਵੱਡੇ ਮਰਕਜ਼ ਬੰਬਈ ਲੈ ਤੁਰਿਆ।

ਸੁਦਰਸ਼ਨ ਪਿਕਚਰਜ਼, ਬੰਬੇ ਦੀ ਦਵਾਰਕਾ ਖੋਸਲਾ ਨਿਰਦੇਸ਼ਿਤ ਹਿੰਦੀ ਫਿਲਮ 'ਸੱਜਣ' (1941) ਬਲਰਾਜ ਮਹਿਤਾ ਦੀ ਸਾਥੀ ਅਦਾਕਾਰ ਵਜੋਂ ਪਹਿਲੀ ਫਿਲਮ ਸੀ ਜਦੋਂਕਿ ਮਰਕਜ਼ੀ ਕਿਰਦਾਰ ਵਿੱਚ ਹੁਸਨ ਬਾਨੋ ਤੇ ਸਤੀਸ਼ ਛਾਬੜਾ (ਪੰਜਾਬੀ) ਮੌਜੂਦ ਸਨ। ਗੀਤ ਪੰਡਤ ਬਾਨੀ ਤੇ ਸੰਗੀਤਕਾਰ ਪ੍ਰਤਾਪ ਮੁਖਰਜੀ ਸਨ।



ਨਵਯੁੱਗ ਚਿੱਤਰਪਟ, ਬੰਬੇ ਦੀ ਨਜ਼ਮ ਨਕਵੀ ਨਿਰਦੇਸ਼ਿਤ ਫਿਲਮ 'ਪੰਨਾ' (1944) ਜਿਸ ਦਾ ਟਾਈਟਲ ਰੋਲ ਲਾਹੌਰ ਦੀ ਪੰਜਾਬਣ ਅਦਾਕਾਰਾ ਗੀਤਾ ਨਜ਼ਾਮੀ ਉਰਫ਼ ਰਸ਼ੀਦਾ ਬੇਗਮ ਨੇ ਅਦਾ ਕੀਤਾ। ਹੀਰੋ ਵਜੋਂ ਜਯਰਾਜ 'ਇੰਸਪੈਕਟਰ ਸ਼ਿਆਮ' ਦਾ ਕਿਰਦਾਰ ਅਦਾ ਕਰ ਰਿਹਾ ਸੀ। ਇਸ ਫ਼ਿਲਮ ਦੀ ਸ਼ੁਰੂਆਤ ਵਿੱਚ ਬਲਰਾਜ ਨੇ ਇੱਕ ਅਮੀਰ ਸੇਠ ਦਾ ਛੋਟਾ ਜਿਹਾ ਪਾਰਟ ਨਿਭਾਇਆ। ਗੀਤ ਤੇ ਮੁਕਾਲਮੇ ਵਲੀ ਸਾਹਿਬ, ਕਹਾਣੀ ਜ਼ਬਕ ਅਤੇ ਸੰਗੀਤ ਅਮੀਰ ਅਲੀ (ਮਰਹੂਮ/ਆਖ਼ਰੀ ਫਿਲਮ) ਨੇ ਮੁਰੱਤਿਬ ਕੀਤਾ ਸੀ। ਸੈਂਟਰਲ ਸਟੂਡੀਓ, ਬੰਬੇ ਦੀ ਸੋਹਰਾਬ ਮੋਦੀ ਨਿਰਦੇਸ਼ਿਤ ਫਿਲਮ 'ਪਰਖ' (1944) 'ਚ ਬਲਰਾਜ ਮਹਿਤਾ ਨੇ 'ਸੈਕਟਰੀ' ਦੀ ਭੂਮਿਕਾ ਨਿਭਾਈ ਜਦੋਂ ਕਿ ਮਰਕਜ਼ੀ ਕਿਰਦਾਰ ਵਿੱਚ ਅਦਾਕਾਰਾ ਮਹਿਤਾਬ 'ਕਿਰਨ' ਦਾ ਤੇ ਬਲਵੰਤ ਸਿੰਘ 'ਪ੍ਰਕਾਸ਼' ਦਾ ਪਾਤਰ ਅਦਾ ਕਰ ਰਿਹਾ ਸੀ। ਕਹਾਣੀ ਤੇ ਮੁਕਾਲਮੇ ਪੰਡਤ ਸੁਦਰਸ਼ਨ, ਗੀਤ ਆਰਜ਼ੂ ਲਖਨਵੀ, ਪੰਡਤ ਸੁਦਰਸ਼ਨ, ਗਾਫ਼ਿਲ ਹਰਨਾਲਵੀ, ਸੰਗੀਤ ਖੁਰਸ਼ੀਦ ਅਨਵਰ (7 ਗੀਤ/ਸਹਾਇਕ ਡੀ. ਗਡਕਰ) ਤੇ ਸਰਸਵਤੀ ਦੇਵੀ (2 ਗੀਤ/ਅਸਲੀ ਨਾਮ ਮਿਸ ਮੰਚਰ ਹੋਮ ਜੀ) ਨੇ ਬਣਾਇਆ। ਲਾਹੌਰ ਦੇ ਗੱਭਰੂ ਡਬਲਯੂ ਜ਼ੈੱਡ. ਅਹਿਮਦ (ਵਹੀਦ-ਉੱਦ-ਦੀਨ ਜ਼ਿਆ-ਉੱਦ-ਦੀਨ ਅਹਿਮਦ) ਦੇ ਫਿਲਮਸਾਜ਼ ਅਦਾਰੇ ਸ਼ਾਲੀਮਾਰ ਪਿਕਚਰਜ਼, ਪੂਨਾ ਦੀ ਮੋਹਨ ਵਾਧਵਾਨੀ ਨਿਰਦੇਸ਼ਿਤ ਫਿਲਮ 'ਗ਼ੁਲਾਮੀ' ਉਰਫ਼ 'ਬਰਮਾ ਰੋਡ' (1945) 'ਚ ਸਹਾਇਕ ਰੋਲ ਅਦਾ ਕੀਤਾ ਜਦੋਂਕਿ ਮੁੱਖ ਕਿਰਦਾਰ ਵਿੱਚ ਅੰਮ੍ਰਿਤਸਰ ਦਾ ਜਵਾਨ ਮਸੂਦ ਪਰਵੇਜ਼ ਤੇ ਅਦਾਕਾਰਾ ਵਜੋਂ ਰੇਣੂਕਾ ਦੇਵੀ ਉਰਫ਼ ਖ਼ੁਰਸ਼ੀਦ ਜਹਾਂ ਆਪਣੇ ਫ਼ਨ ਦੀ ਨੁਮਾਇਸ਼ ਕਰ ਰਹੇ ਸਨ। ਸੰਗੀਤ ਐੱਸ. ਕੇ. ਫਾਲ ਤੇ ਗੀਤ ਜੋਸ਼ ਮਲੀਹਾਬਾਦੀ, ਭਰਤ ਵਿਆਸ, ਅਖ਼ਤਰ-ਉੱਲ-ਇਮਾਨ, ਮਜਾਜ਼ ਹੋਰਾਂ ਨੇ ਤਹਿਰੀਰ ਕੀਤੇ। ਰਾਜਲਕਸ਼ਮੀ ਪਿਕਚਰਜ਼, ਬੰਬੇ ਦੀ ਸੁਧੀਰ ਸੇਨ ਨਿਰਦੇਸ਼ਿਤ ਫਿਲਮ 'ਪੁਲ' ਉਰਫ਼ 'ਬਰਿੱਜ' (1947) 'ਚ ਬਲਰਾਜ ਨੇ ਅਦਾਕਾਰਾ ਰੇਹਾਨ ਤੇ ਬਿਮਨ ਬੈਨਰਜੀ ਦੀ ਜੋੜੀ ਨਾਲ ਸਹਾਇਕ ਪਾਰਟ ਅਦਾ ਕੀਤਾ। ਫਿਲਮ ਦਾ ਸੰਗੀਤ ਨੀਨੂ ਮਜੂਮਦਾਰ ਨੇ ਤਰਤੀਬ ਕੀਤਾ।

ਕੁਲਦੀਪ ਸਹਿਗਲ ਦੇ ਫਿਲਮਸਾਜ਼ ਅਦਾਰੇ ਕੁਲਦੀਪ ਪਿਕਚਰਜ਼, ਲਿਮਟਿਡ, ਬੰਬੇ ਦੀ ਓ. ਪੀ. ਦੱਤਾ ਨਿਰਦੇਸ਼ਿਤ ਫਿਲਮ 'ਏਕ ਨਜ਼ਰ' (1951) 'ਚ ਬਲਰਾਜ ਨੇ 'ਮੈਨੇਜਰ' ਦਾ ਸੋਹਣਾ ਪਾਰਟ ਅਦਾ ਕੀਤਾ ਜਦੋਂਕਿ ਜੋੜੀਦਾਰ ਦੋਸਤਾਂ ਵਿੱਚ ਕਰਨ ਦੀਵਾਨ ਨੇ 'ਦਲੀਪ' ਦਾ ਤੇ ਰਹਿਮਾਨ ਨੇ 'ਰਾਜਕੁਮਾਰ' ਦਾ ਕਿਰਦਾਰ ਨਿਭਾਇਆ ਅਤੇ ਹੀਰੋਇਨ ਦਾ ਨਲਿਨੀ ਜਯਵੰਤ 'ਚਿੱਤਰਾ' ਦਾ ਪਾਤਰ ਨਿਭਾ ਰਹੀ ਸੀ। ਮੰਜ਼ਰਨਾਮਾ ਓ. ਪੀ. ਦੱਤਾ ਤੇ ਰਜਿੰਦਰ ਕ੍ਰਿਸ਼ਨ, ਮੁਕਾਲਮੇ ਤੇ ਗੀਤ ਰਜਿੰਦਰ ਕ੍ਰਿਸ਼ਨ ਅਤੇ ਸੰਗੀਤਕਾਰ ਸਚਿਨ ਦੇਵ ਬਰਮਨ (ਸਹਾਇਕ ਦੱਤਾ) ਸਨ। ਏ. ਏ. ਨਾਡੀਆਵਾਲ ਦੇ ਫਿਲਮਸਾਜ਼ ਅਦਾਰੇ ਪੁਸ਼ਪਾ ਪਿਕਚਰਜ਼, ਬੰਬੇ ਦੀ ਐੱਸ. ਫੱਤੇਲਾਲ ਨਿਰਦੇਸ਼ਿਤ ਪੁਰਾਣਿਕ ਫਿਲਮ 'ਅਯੋਧਿਆਪਤੀ' (1956) 'ਚ ਬਲਰਾਜ ਨੇ ਅਦਾਕਾਰਾ ਊਸ਼ਾ ਖੰਨਾ ਨਾਲ ਅਹਿਮ ਕਿਰਦਾਰ ਨਿਭਾਇਆ। ਹੋਰਨਾਂ ਫ਼ਨਕਾਰਾਂ 'ਚ ਮਨੋਰਮਾ, ਰਾਜਨ ਹਕਸਰ, ਡਾਰ ਕਸ਼ਮੀਰੀ (ਭਰਾ ਜੀਵਨ), ਅਚਲਾ ਸਚਦੇਵ ਆਦਿ ਸ਼ਾਮਲ ਸਨ। ਗੀਤ ਸਰੱਸਵਤੀ ਕੁਮਾਰ 'ਦੀਪਕ' ਅਤੇ ਸੰਗੀਤਕ ਧੁਨਾਂ ਰਵੀ (ਸਹਾਇਕ ਜੇ. ਰਿਜ਼ਬਰਟ) ਨੇ ਤਿਆਰ ਕੀਤੀਆਂ। ਰਮੇਸ਼ ਸਹਿਗਲ ਦੇ ਫਿਲਮਸਾਜ਼ ਅਦਾਰੇ ਸਹਿਗਲ ਪ੍ਰੋਡਕਸ਼ਨਜ਼, ਬੰਬੇ ਦੀ ਰਮੇਸ਼ ਸਹਿਗਲ ਨਿਰਦੇਸ਼ਿਤ ਫਿਲਮ '26 ਜਨਵਰੀ' (1956) 'ਚ ਬਲਰਾਜ ਮਹਿਤਾ ਨੇ ਅਦਾਕਾਰ ਅਜੀਤ, ਨਲਿਨੀ ਜਯਵੰਤ, ਜਾਨੀ ਵਾਕਰ, ਸਪਰੂ, ਬੀ. ਐੱਮ. ਵਿਆਸ, ਚਮਨਪੁਰੀ, ਜਗਦੀਸ਼ ਸੇਠੀ ਰਣਧੀਰ ਆਦਿ ਨਾਲ ਅਦਾਕਾਰੀ ਕੀਤੀ। ਫਿਲਮ ਦਾ ਸੰਗੀਤ ਸੀ. ਰਾਮ ਚੰਦਰ ਉਰਫ਼ ਚਿਤਲਕਰ (ਸਹਾਇਕ ਜਾਨੀ) ਤੇ ਗੀਤ ਰਜਿੰਦਰ ਕ੍ਰਿਸ਼ਨ ਨੇ ਲਿਖੇ ਸਨ।

ਹਿੰਦੀ ਤੋਂ ਇਲਾਵਾ ਸਾਥੀ ਅਦਾਕਾਰ ਵਜੋਂ ਬਲਰਾਜ ਮਹਿਤਾ ਨੇ 2 ਪੰਜਾਬੀ ਫਿਲਮਾਂ ਵੀ ਕੀਤੀਆਂ। ਉਸ ਦੀ ਪਹਿਲੀ ਪੰਜਾਬੀ ਫਿਲਮ ਮੁਲਕਰਾਜ ਭਾਖੜੀ ਦੇ ਫਿਲਮਸਾਜ਼ ਅਦਾਰੇ ਨਿਗਾਰਸਤਾਨ (ਇੰਡੀਆ) ਫਿਲਮਜ਼, ਬੰਬੇ ਦੀ ਸ਼ੰਕਰ ਮਹਿਤਾ ਨਿਰਦੇਸ਼ਿਤ 'ਛਈ' (1950) ਸੀ। ਫਿਲਮ ਵਿੱਚ ਬਲਰਾਜ ਨੇ 'ਸੇਠ ਕਰੋੜੀ ਮੱਲ' ਦਾ ਕਿਰਦਾਰ ਨਿਭਾ ਰਹੇ ਚਰਿੱਤਰ ਅਦਾਕਾਰ ਜੀਵਨ ਦੇ ਪੁੱਤਰ 'ਲਾਹੌਰੀ' ਦਾ ਪਾਰਟ ਅਦਾ ਕੀਤਾ ਸੀ, ਜਿਸ ਦੇ ਹਮਰਾਹ ਗੀਤਾ ਨਿਜ਼ਾਮੀ 'ਰੱਖੀ' ਦਾ ਰੋਲ ਕਰ ਰਹੀ ਸੀ। ਕਹਾਣੀ ਤੇ ਮੁਕਾਲਮੇ ਮੁਲਕ ਰਾਜ ਭਾਖੜੀ, ਮੌਸੀਕੀ ਹੰਸ ਰਾਜ ਬਹਿਲ ਅਤੇ ਗੀਤ ਵਰਮਾ ਮਲਿਕ ਨੇ ਤਹਿਰੀਰ ਕੀਤੇ। ਬਲਰਾਜ (ਨਾਲ ਪ੍ਰਾਣ, ਖਰੈਤੀ ਭੈਂਗਾ, ਗੀਤਾ ਨਿਜ਼ਾਮੀ) 'ਤੇ ਫਿਲਮਾਏ ਗਏ 'ਕੋਈ ਲਾਲੇ ਨੂੰ ਲੈ ਜੇ ਲਾਲੇ ਮੁੱਸੇ ਸਾਡਾ ਤਾਂ ਹੋਵੇ ਛੁਟਕਾਰਾ' (ਐੱਸ. ਬਲਬੀਰ, ਦਵਿੰਦਰ ਵਰਮਾ, ਮਲਿਕ ਕਪੂਰ), 'ਅਜੀ ਓ ਮੁੰਡਾ ਮੋਹ ਲਿਆ ਤਵੀਤਾਂ ਵਾਲਾ ਤੇ ਦਮੜੀ ਦਾ ਸੱਕ ਮਲ ਕੇ' (ਮੁਹੰਮਦ ਰਫ਼ੀ) ਤੇ ਇੱਕ ਕੱਵਾਲੀ ਗੀਤ 'ਮੈਨੂੰ ਮਾਹੀ ਨਾਲ ਹੋ ਗਿਆ ਪਿਆਰ ਹੌਲੀ-ਹੌਲੀ' (ਸ਼ਮਸ਼ਾਦ ਬੇਗਮ, ਐੱਸ. ਡੀ. ਬਾਤਿਸ਼) ਬੜੇ ਹਿੱਟ ਹੋਏ। ਇਹ ਕਾਮਯਾਬ ਮਜ਼ਾਹੀਆ ਫਿਲਮ 20 ਜੂਨ 1950 ਨੂੰ ਅੰਮ੍ਰਿਤ ਟਾਕੀਜ਼, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ। ਸਹਾਇਕ ਅਦਾਕਾਰ ਵਜੋਂ ਬਲਰਾਜ ਦੀ ਦੂਜੀ ਫਿਲਮ ਜੇ. ਐੱਲ. ਪਰਾਸ਼ਰ ਦੇ ਫਿਲਮਸਾਜ਼ ਅਦਾਰੇ ਨਵ-ਚਿੱਤਰਕਾਰ ਲਿਮਟਿਡ, ਬੰਬੇ ਦੀ ਕੁਲਦੀਪ ਨਿਰਦੇਸ਼ਿਤ 'ਬਾਲੋ' (1951) ਸੀ। ਫਿਲਮ 'ਚ 'ਬਾਲੋ' ਦਾ ਟਾਈਟਲ ਰੋਲ ਅਦਾਕਾਰਾ ਸ਼ਕੁੰਤਲਾ ਨੇ ਅਦਾ ਕੀਤਾ ਸੀ। ਕਹਾਣੀ, ਮੰਜ਼ਰਨਾਮਾ ਤੇ ਮੁਕਾਲਮੇ ਰਾਮ ਪ੍ਰਕਾਸ਼ ਅਸ਼ਕ, ਗੀਤ ਸਾਹਿਰ ਲੁਧਿਆਣਵੀ (ਪਹਿਲੀ ਪੰਜਾਬੀ ਫ਼ਿਲਮ) ਅਤੇ ਸੰਗੀਤਕ ਤਰਜ਼ਾਂ ਐੱਨ. ਦੱਤਾ ਨੇ ਬਣਾਈਆਂ। ਪੰਜਾਬ ਦੇ ਮੁਹੱਬਤੀ ਫ਼ਸਾਨੇ 'ਤੇ ਬਣੀ ਇਹ ਫਿਲਮ 2 ਨਵੰਬਰ 1951 ਨੂੰ ਅੰਮ੍ਰਿਤ ਟਾਕੀਜ਼, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ।

ਅਦਾਕਾਰੀ ਤੋਂ ਇਲਾਵਾ ਬਤੌਰ ਹਿਦਾਇਤਕਾਰ ਬਲਰਾਜ ਮਹਿਤਾ (ਸਹਾਇਕ ਰਜੇਸ਼ ਪੁਰੀ) ਦੀ ਪਹਿਲੀ ਫਿਲਮ ਕੰਵਲ ਨਈਅਰ ਤੇ ਟੀ. ਸੀ. ਦੀਵਾਨ ਦੇ ਫਿਲਮਸਾਜ਼ ਅਦਾਰੇ ਮੈਫੇਅਰ ਫਿਲਮਜ਼, ਬੰਬੇ ਦੀ 'ਟਰੰਕ ਕਾਲ' (1960) ਸੀ। ਕਹਾਣੀ ਬਾਲ ਕ੍ਰਿਸ਼ਨ ਮੌਜ, ਸੰਗੀਤ ਰਵੀ ਅਤੇ ਗੀਤ ਕਮਰ ਜਲਾਲਾਬਾਦੀ ਨੇ ਤਹਿਰੀਰ ਕੀਤੇ। ਫਿਲਮ ਦੇ ਮਰਕਜ਼ੀ ਕਿਰਦਾਰ ਵਿੱਚ ਸ਼ਿਆਮਾ, ਅਭੀ ਭੱਟਿਆਚਾਰੀਆ ਤੇ ਦੀਗਰ ਫ਼ਨਕਾਰਾਂ ਵਿੱਚ ਪ੍ਰਾਣ, ਸ਼ਮੀ, ਹੈਲਨ, ਉਮਾ, ਰੰਜਨ, ਨਜ਼ੀਰ ਆਦਿ ਸ਼ਾਮਲ ਸਨ। ਇਸ ਫਿਲਮ ਤੋਂ ਬਾਅਦ ਬਲਰਾਜ ਮਹਿਤਾ ਫਿਲਮੀ ਦੁਨੀਆ ਤੋਂ ਇਕਦਮ ਲੋਪ ਹੋ ਗਏ। ਇਸ ਤੋਂ ਬਾਅਦ ਉਹ ਕਿੱਥੇ ਚਲੇ ਗਏ? ਉਨ੍ਹਾਂ ਦਾ ਪਰਿਵਾਰ ਕਿੱਥੇ ਹੈ? ਕਾਫ਼ੀ ਤਹਿਕੀਕ ਕਰਨ ਦੇ ਬਾਵਜੂਦ ਕੋਈ ਜਾਣਕਾਰੀ ਨਹੀਂ ਮਿਲ ਸਕੀ। ਬਹੁਤ ਹੀ ਹਸਮੁੱਖ ਤੇ ਮਹਿਮਾਨ-ਨਿਵਾਜ਼ ਫ਼ਿਤਰਤ ਵਾਲੇ ਇਸ ਅਜ਼ੀਮ ਅਦਾਕਾਰ ਨੂੰ ਫ਼ਿਲਮ-ਮੱਦਾਹ ਕਦੇ ਵੀ ਫ਼ਰਾਮੋਸ਼ ਨਹੀਂ ਕਰ ਸਕਣਗੇ।

-ਮਨਦੀਪ ਸਿੰਘ ਸਿੱਧੂ

# ਸਰਵਣ ਮੱਟ ਤੇ ਗੁਥਲੀ ਦੀ ਸਾਂਝ

ਪਰਿਵਾਰਕ ਰਿਸਤਿਆਂ ਵਿੱਚ ਭੈਣ- ਭਰਾ ਤੋਂ ਬਾਅਦ ਭੂਆ- ਭਤੀਜੇ ਦੇ ਰਿਸਤੇ ਨੂੰ ਬਹੁਤ ਅਹਿਮੀਅਤ ਦਿੱਤੀ ਜਾਂਦੀ ਹੈ। ਸੱਚਾਈ ਤਾਂ ਇਹ ਹੈ ਕਿ ਅੱਜ ਇਸ ਰਿਸਤੇ ਦਾ ਰੰਗ ਵੀ ਫਿੱਕਾ ਪੈ ਰਿਹਾ ਹੈ ਕਿਉਂਕਿ ਇਸ ਦੌਰ ਵਿੱਚ ਤਾਂ ਆਪਣੀ ਔਲਾਦ ਮਾਪਿਆਂ ਨੂੰ ਬਣਦਾ ਸਤਿਕਾਰ ਨਹੀਂ ਦਿੰਦੀ, ਭਰਾ ਦੇ ਜਾਇਆਂ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਲੋਕ ਕਾਵਿ ਵਿੱਚ ਭੂਆ- ਭਤੀਜੇ ਨਾਲ ਸਬੰਧਤ ਬਹੁਤ ਕੁਝ ਮਿਲਦਾ ਹੈ। ਜਿਵੇਂ:

ਪੁੱਤ ਵੀਰ ਦਾ ਭਤੀਜਾ ਮੇਰਾ
ਨਿਉਂ ਜੜ੍ਹ ਮਾਪਿਆਂ ਦੀ।

ਦੂਜਾ ਪਹਿਲੂ ਵੀ ਮਿਲਦਾ ਹੈ:

ਭਾਈਏਂ ਰਾਜ ਭਤੀਜੇ ਠਾਣਾ
ਭੂਆ ਛੱਡ ਦੇ ਆਉਣਾ ਜਾਣਾ।

ਸੱਚ ਤਾਂ ਇਹ ਹੈ ਕਿ ਸਵਾਰਥ ਦੇ ਯੁੱਗ ਵਿੱਚ ਕਈ ਭਰਾਵਾਂ ਨੂੰ ਭੈਣਾਂ ਦੇ ਬਰਾਬਰ ਦੇ ਹੱਕ ਹਜਮ ਨਹੀਂ ਹੋਏ। ਭੈਣਾਂ ਵੱਲੋਂ ਜਮੀਨ- ਜਾਇਦਾਦ ਆਪਣੇ ਨਾਂ ਕਰਵਾ ਲੈਣ ਤੋਂ ਬਾਅਦ ਇਹ ਰਿਸਤਾ ਨਾਂ ਦਾ ਹੀ ਰਹਿ ਜਾਂਦਾ ਹੈ। ਭਤੀਜਿਆਂ ਦੇ ਨਹੀਂ ਬਲਕਿ ਭਰਾਵਾਂ ਦੇ ਰਾਜ ਵਿੱਚ ਹੀ ਪੇਕਾ ਘਰ ਠਾਣੇ ਵਰਗਾ ਹੋ ਜਾਂਦਾ ਹੈ। ਭਰਾ ਤੇ ਭਤੀਜੇ ਨੂੰ ਭੂਆ ਬਹੁਤ ਮਾਣ ਦਿੰਦੀ ਹੈ, ਪਰ ਸੋਚਣ ਵਾਲੀ ਗੱਲ ਹੈ ਕਿ ਭਤੀਜੀ ਵੀ ਤਾਂ ਭਰਾ ਦੀ ਹੀ ਸੰਤਾਨ ਹੈ, ਭਤੀਜੇ ਬਾਰੇ ਤਾਂ ਕਹਿੰਦੀ ਹੈ:

ਚੁੱਕ ਕੇ ਭਤੀਜੇ ਨੂੰ/ ਬਿਨ ਪੌੜੀਓਂ ਕੋਠੇ ਚੜ੍ਹ ਜਾਵਾਂ।

ਕਾਰਨ ਸਾਇਦ ਇਹ ਹੈ ਕਿ ਭਤੀਜੀ ਔਰਤ ਜਾਤ ਹੈ ਤੇ ਉਹਨੇ ਵੀ ਮਾਪਿਆਂ ਦੇ ਘਰੋਂ ਭੂਆ ਵਾਂਗ ਸਹੁਰੇ ਘਰ ਤੁਰ ਜਾਣਾ ਹੈ। ਬੇਸ਼ੱਕ ਅੱਜ ਪਰਿਵਾਰ ਛੋਟੇ ਹੋਣ ਕਾਰਨ ਜਾਂ ਜਾਗਰੂਕਤਾ ਕਾਰਨ ਹੁਣ ਭੂਆ ਆਪਣੀ ਭਤੀਜੀ ਦੇ ਚਾਅ- ਲਾਡ ਵੀ ਕਰਨ ਲੱਗੀ ਹੈ, ਪਰ ਮੁੱਢ ਕਦੀਮ ਤੋਂ ਭਤੀਜੇ ਨੂੰ ਹੀ ਲਾਡ ਲਡਾਏ ਜਾਂਦੇ ਹਨ।

ਪਿਛਲੇ ਸਮਿਆਂ ਵਿੱਚ ਪਰਿਵਾਰ ਵੱਡੇ ਸਨ, ਵੱਡੇ ਭਰਾ ਤੋਂ ਤੀਜੇ - ਚੌਥੇ ਥਾਂ ਛੋਟੀਆਂ ਭੈਣਾਂ ਜਾਂ ਭਰਾ ਉਸ ਦੀ ਔਲਾਦ ਦੇ ਹਾਣੀ ਜਿਹੇ ਹੋ ਜਾਂਦੇ। ਭੂਆ-ਭਤੀਜੀ ਸਹੇਲੀਆਂ ਵਰਗੀਆਂ ਹੁੰਦੀਆਂ। ਇਸ ਦੇ ਬਾਵਜੂਦ ਇਨ੍ਹਾਂ ਦੇ ਮੋਹ-ਪਿਆਰ ਦੀ ਕੋਈ ਬਹੁਤੀ ਨਿਸਾਨਦੇਹੀ ਲੋਕ ਕਾਵਿ ਨਹੀਂ ਕਰਦਾ। ਜਾਤ- ਗੋਤ ਨੂੰ ਲੈ ਕੇ ਜਰੂਰ ਕਿਹਾ ਜਾਂਦਾ ਹੈ:

ਕਦੇ ਭੂਆ ਆਪਣੀ ਭਤੀਜੀ ਦਾ ਰਿਸਤਾ ਆਪਣੇ ਕਿਸੇ ਦਿਓਰ- ਜੇਠ ਜਾਂ ਨੇੜਲੇ ਰਿਸਤੇਦਾਰ ਨੂੰ ਵੀ ਲੈ ਜਾਂਦੀ ਹੈ। ਪਰਿਵਾਰਾਂ ਵਿੱਚ ਲੜਾਈ- ਝਗੜੇ ਆਮ ਗੱਲ ਹੈ, ਪਰ ਭੂਆ-ਭਤੀਜੀ ਦੇ ਝਗੜੇ ਨੂੰ ਸਾਡਾ ਸਮਾਜ ਅਲੋਕਾਰ ਸਮਝਦਾ ਤੇ ਇਹ ਚਰਚਾ ਦਾ ਵਿਸਾ ਬਣ ਜਾਂਦਾ ਹੈ। ਕਿਸੇ ਅਜਿਹੇ ਮੌਕੇ ਹੀ ਇਹ ਇੱਕ ਤੁਕੀ ਬੋਲੀ ਹੋਂਦ ਵਿੱਚ ਆਈ ਹੋਵੇਗੀ:

ਭੂਆ- ਭਤੀਜੀ ਲੜੀਆਂ/ ਵਿੱਚ ਕਚਹਿਰੀ ਦੇ।

ਜਿੱਥੇ ਅੱਜ ਹਰ ਰਿਸਤਾ 'ਟੁੱਟ ਗਈ ਤੜੱਕ ਕਰਕੇ' ਵਾਲਾ ਸੰਤਾਪ ਹੰਢਾ ਰਿਹਾ ਹੈ, ਉੱਥੇ ਬੀਤੇ ਸਮੇਂ ਰਿਸਤਿਆਂ ਦੀਆਂ ਤੰਦਾਂ ਐਨੀਆਂ ਕੱਚੀਆਂ ਜਾਂ ਉਲਝੀਆਂ ਹੋਈਆਂ ਨਹੀਂ ਸਨ ਹੁੰਦੀਆਂ। ਸਾਕ-ਸਕੀਰੀਆਂ ਨੂੰ ਨਿਭਾਉਣ ਲਈ ਪੀੜ੍ਹੀ ਦਰ ਪੀੜ੍ਹੀ ਤੁਰੇ ਆਉਂਦੇ ਰਿਵਾਜ ਅਹਿਮ ਭੂਮਿਕਾ ਨਿਭਾਉਂਦੇ। ਭਤੀਜੀ ਦੇ ਵਿਆਹ ਮੌਕੇ ਉਸ ਦੀ ਵਿਆਹੀ-ਵਰੀ



ਭੂਆ ਉਸ ਨੂੰ ਸੌਗਾਤ ਜਾਂ ਸਗਨ ਵਜੋਂ 'ਸਰਵਣ ਮੱਟ' ਦਿੰਦੀ। ਬਹੁਤ ਪਹਿਲਾਂ ਇਹ ਪਿੱਤਲ ਦੀ ਟੋਕਣੀ ਜਾਂ ਗਾਗਰ ਦੇ ਰੂਪ ਵਿੱਚ ਦਿੱਤਾ ਜਾਂਦਾ। ਸਮੇਂ ਦੇ ਨਾਲ ਇਹ ਸਟੀਲ 'ਚ ਢਲ ਗਿਆ। ਇਸ ਸਰਵਣ ਮੱਟ ਕਹੇ ਜਾਂਦੇ ਬਰਤਨ ਵਿੱਚ ਆਪਣੇ ਵਿਤ ਮੁਤਾਬਿਕ ਪੰਜ- ਸੱਤ ਕਿਲੋ ਚੌਲ ਪਾ ਕੇ ਨਾਲ ਗੁੜ ਦੀ ਭੇਲੀ ਰੱਖੀ ਜਾਂਦੀ। ਇਸ ਦਾ ਮੂੰਹ ਲਾਲ ਕੱਪੜੇ ਨਾਲ ਢੱਕ ਕੇ ਬੰਨ੍ਹ ਦਿੱਤਾ ਜਾਂਦਾ। ਬਰਤਨ ਦੁਆਲੇ ਖੰਮ੍ਹਣੀ (ਮੌਲੀ) ਲਪੇਟੀ ਜਾਂਦੀ। ਇਸ ਦੇ ਨਾਲ ਹੀ ਕੁੜੀ ਭਾਵ ਭਤੀਜੀ ਦੀ ਸੱਸ ਨੂੰ ਭੂਆ ਵੱਲੋਂ ਢਾਈ ਤਿਓਰ (ਸੂਟ) ਵੀ ਭੇਜੇ ਜਾਂਦੇ। ਦੋ ਸੂਟਾਂ ਦੇ ਨਾਲ ਇੱਕ ਦੁਪੱਟਾ/ ਚੁੰਨੀ ਲਾ ਕੇ ਇਨ੍ਹਾਂ ਕੱਪੜਿਆਂ ਨੂੰ ਢਾਈ ਤਿਓਰ ਕਿਹਾ ਜਾਂਦਾ। ਸਾਡੇ ਮਾਲਵੇ ਤੇ ਪੁਆਧ ਦੇ ਕੁਝ ਖੇਤਰਾਂ ਵਿੱਚ ਦੋ ਸੂਟਾਂ ਨਾਲ ਇੱਕ ਦੁਪੱਟਾ ਤੇ ਕੁੜਤੀ (ਕਮੀਜ) ਦਾ ਕੱਪੜਾ ਦਿੱਤਾ ਜਾਂਦਾ ਜਿਸ ਨੂੰ ਕੁੜਤੀ ਝੋਨਾ ਕਿਹਾ ਜਾਂਦਾ। ਗਿਣੇ ਇਹ ਵੀ ਢਾਈ ਤਿਓਰ ਜਾਂਦੇ। ਇਹ ਸਾਰਾ ਕੁਝ ਕੁੜੀ ਦੀ ਸੱਸ ਦੇ ਸਪੁਰਦ ਕੀਤਾ ਜਾਂਦਾ। ਉਹ ਚਾਹੁੰਦੀ ਆਪ ਰੱਖ ਵਰਤ ਲੈਂਦੀ ਭਾਵੇਂ ਆਪਣੇ ਕਿਸੇ ਚਹੇਤੇ ਨੂੰ ਦੇ ਦਿੰਦੀ। ਇਸ ਸਾਰੇ ਸਾਮਾਨ ਤੋਂ ਇਲਾਵਾ ਸਗਨ ਦੇ ਪੈਸੇ ਵੀ ਹੁੰਦੇ ਜੋ ਪੰਜ ਜਾਂ ਗਿਆਰਾਂ ਰੁਪਏ ਤੋਂ ਵਧ ਕੇ ਹੁਣ ਹਜਾਰਾਂ ਦੀ ਗਿਣਤੀ ਤੱਕ ਪਹੁੰਚ ਗਏ ਹਨ। ਕਿਉਂਕਿ ਇਹ ਦਿਖਾਵੇ ਦਾ ਯੁੱਗ ਹੈ ਮੋਹ- ਮੁਹੱਬਤ ਭਾਵੇਂ ਇਸ 'ਚੋਂ ਮਨਫੀ ਹੋਵੇ। ਵਿਰਲੇ-ਟਾਂਵੇ ਘਰਾਂ ਵਿੱਚ ਸੱਸ ਵੱਲੋਂ ਵੀ ਕੁੜੀ ਦੀ ਭੂਆ ਲਈ ਸਰਦਾ-ਪੁੱਜਦਾ ਸਗਨ ਰੁਪਏ ਤੇ ਨਾਲ ਮਠਿਆਈ ਭੇਜੀ ਜਾਂਦੀ। ਇਹ ਭਤੀਜੀ ਜਾਂ ਉਹਦੇ ਸਹੁਰੇ ਪਰਿਵਾਰ ਵੱਲੋਂ ਉਸ ਨਾਲ ਗੂੜ੍ਹੀ ਸਕੀਰੀ ਰੱਖਣ ਦਾ ਪ੍ਰਤੀਕ ਹੁੰਦਾ। ਇਨ੍ਹਾਂ ਵਰਤ-ਵਿਹਾਰਾਂ ਨਾਲ ਸਾਂਝਾਂ ਬਣੀਆਂ ਰਹਿੰਦੀਆਂ।

ਸਰਵਣ ਮੱਟ ਵਾਲਾ ਰਿਵਾਜ ਤਾਂ ਪੰਜਾਬ ਦੇ ਕਈ ਇਲਾਕਿਆਂ ਵਿੱਚ ਦੇਖਿਆ-ਸੁਣਿਆ ਜਾਂਦਾ ਹੈ, ਪਰ ਇਹ ਢਾਈ ਤਿਓਰਾਂ ਵਾਲਾ ਵਰਤਾਰਾ ਆਮ ਨਹੀਂ ਹੈ। ਭੂਆ-ਭਤੀਜੀ ਦੇ ਰਿਸਤੇ ਨਾਲ ਸਬੰਧਤ ਇੱਕ ਹੋਰ ਰਸਮ ਦੇਖਣ ਵਿੱਚ ਆਉਂਦੀ ਹੈ। ਕੁੜੀ ਦੇ ਸਹੁਰੇ ਪਰਿਵਾਰ ਵੱਲੋਂ ਉਸ ਦੀ ਭੂਆ ਲਈ ਸੂਹੇ ਰੰਗ ਦੇ ਕੱਪੜੇ ਦੀ ਵੱਡੀ ਸਾਰੀ ਥੈਲੀ ਵਿੱਚ ਪੰਜ- ਸੱਤ ਕਿਲੋ ਲੱਡੂ ਭੇਜੇ ਜਾਂਦੇ ਹਨ। ਇਸ ਨੂੰ 'ਭੂਆ ਦੀ ਗੁਥਲੀ' ਕਿਹਾ ਜਾਂਦਾ ਹੈ। ਇਸ ਵਿੱਚ ਇਕਵੰਜਾ ਜਾਂ ਵੱਧ- ਘੱਟ ਰੁਪਏ ਵੀ ਸਗਨ ਵਜੋਂ ਪਾਏ ਜਾਂਦੇ ਹਨ। ਇਹ ਗੁਥਲੀ ਸਹੁਰੇ ਪਰਿਵਾਰ ਵੱਲੋਂ ਆਪਣੀ ਨੂੰਹ ਲਈ ਭੇਜੀ 'ਵਰੀ' ਦੇ ਕੱਪੜੇ-ਗਹਿਣੇ ਦੇ ਨਾਲ ਆਉਂਦੀ ਹੈ। ਇਹ ਕਿਸੇ ਸਰਵਣ ਮੱਟ ਦੇ ਬਦਲੇ ਨਹੀਂ ਬਲਕਿ ਭੂਆ-ਭਤੀਜੀ ਦੇ ਰਿਸਤੇ ਨੂੰ ਪਿਆਰ ਤੇ ਸਤਿਕਾਰ ਵਜੋਂ ਦਿੱਤੀ ਜਾਂਦੀ ਹੈ। ਭੂਆ ਵੱਲੋਂ ਇਸ ਦੇ ਇਵਜ ਵੱਜੋਂ ਕੁਝ ਨਹੀਂ ਭੇਜਣਾ ਹੁੰਦਾ। ਇਹ ਇੱਕ ਕਿਸਮ ਦਾ ਭਤੀਜੀ ਦੇ ਸਹੁਰਿਆਂ ਵੱਲੋਂ ਭੂਆ ਨੂੰ ਮਿਲਣ- ਵਰਤਣ ਦਾ ਮੋਹ ਭਰਿਆ ਸੱਦਾ ਹੁੰਦਾ ਹੈ।

ਵਕਤ ਦੇ ਨਾਲ ਸਰਵਣ ਮੱਟ ਰੂਪ ਬਦਲਦਾ ਗਿਆ। ਇਹ ਬਾਲਟੀ ਤੋਂ ਬਦਲ ਕੇ ਸਟੀਲ ਦੇ ਖੂਬਸੂਰਤ ਡੱਬੇ ਦਾ ਰੂਪ ਧਾਰਨ ਕਰ ਗਿਆ। ਮੁੜ ਭੂਆ- ਭਤੀਜੀ ਜਾਂ ਪਰਿਵਾਰ ਦੀ ਮਰਜੀ ਮੁਤਾਬਕ ਇਹ ਕਦੇ ਪ੍ਰੈੱਸਰ ਕੁੱਕਰ ਬਣ ਜਾਂਦਾ ਰਿਹਾ, ਕਦੇ ਡਿਨਰ ਸੈੱਟ ਤੇ ਇਸ ਬਦਲਾਓ ਵਿੱਚ, ਵਿਚਾਰਾ ਸਰਵਣ ਮੱਟ ਮਿੱਟੀ ਹੋ ਕੇ ਰਹਿ ਗਿਆ। ਅੱਜ ਤਾਂ ਮੋਹ ਭਰੀਆਂ ਤੇ ਡੂੰਘੇ ਅਰਥਾਂ ਵਾਲੀਆਂ ਰਸਮਾਂ ਪੈਸੇ ਜਾਂ ਬੰਦ ਲਿਫਾਫੇ ਦੀ ਚਮਕ- ਦਮਕ ਵਿੱਚ ਗੁੰਮ ਹੋ ਕੇ ਰਹਿ ਗਈਆਂ ਹਨ।

ਰਿਸਤਿਆਂ ਦੀ ਬੁਨਿਆਦ ਹਿੱਲਦੀ ਜਾ ਰਹੀ ਹੈ। ਜੇ ਹਾਲਾਤ ਅਜਿਹੇ ਹੀ ਰਹੇ ਤਾਂ ਮਨੁੱਖ ਇਕੱਲਤਾ ਦੀ ਕਾਲਕੋਠੜੀ ਵਿੱਚ ਘਿਰ ਕੇ ਰਹਿ ਜਾਵੇਗਾ। ਅੱਜ ਹਰ ਪਰਿਵਾਰ ਵਿੱਚ ਦੋ ਹੀ ਬੱਚੇ ਹਨ, ਤਿੰਨ ਵਾਲਾ ਤਾਂ ਵੇਲਾ ਵਿਹਾ ਗਿਆ ਹੈ। ਜੇ ਪਹਿਲਾ ਬੱਚਾ ਪੁੱਤਰ ਹੋਵੇ ਤਾਂ ਕਈ ਮਾਪੇ ਉਸੇ ਨਾਲ ਸੰਤੁਸਟ ਹੋ ਜਾਂਦੇ ਹਨ। ਦੋ ਭਰਾ ਬਹੁਤ ਪਰਿਵਾਰਾਂ ਵਿੱਚ ਹਨ, ਪਰ ਦੋ ਭੈਣਾਂ ਬਹੁਤ ਘੱਟ। ਇਹ ਵੱਖਰੀ ਗੱਲ ਹੈ ਕਿ ਪੁੱਤਰ ਪ੍ਰਾਪਤੀ ਲਈ ਕੁਝ ਲੋਕ ਦੋ- ਚਾਰ ਧੀਆਂ ਦੀ ਰੌਣਕ ਜਰੂਰ ਘਰ ਵਿੱਚ ਲਾ ਲੈਂਦੇ ਹਨ। ਉਹ ਵੀ ਤਾਂ ਜੇ ਉਨ੍ਹਾਂ ਨੂੰ ਜਨਮ ਤੋਂ ਪਹਿਲਾਂ ਹੀ ਮਾਰਨ ਦਾ ਕੋਈ ਜੁਗਾੜ ਨਾ ਬਣੇ। ਦੋ ਬੱਚਿਆਂ ਤੋਂ ਵੱਧ ਤਾਂ ਜਿਵੇਂ ਘਰਾਂ- ਪਰਿਵਾਰਾਂ ਜਾਂ ਮਨਾਂ ਵਿੱਚ ਥਾਂ ਹੀ ਨਹੀਂ। ਇਹ ਥਾਂ ਬੇਰੁਜਗਾਰੀ ਅਤੇ ਵਧਦੀ ਮਹਿੰਗਾਈ ਨੇ ਖਾ ਲਈ ਹੈ। ਧੀਆਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਉਹ ਮਾਪਿਆਂ ਨੂੰ ਪੁੱਤਾਂ ਤੋਂ ਵੱਧ ਪਿਆਰ - ਸਤਿਕਾਰ ਦਿੰਦੀਆਂ ਹਨ। ਬਹੁਤ ਵਾਰ ਪੁੱਤਰਾਂ ਦੇ ਘਰੋਂ ਧੱਕੇ ਮਾਪਿਆਂ ਨੂੰ ਧੀਆਂ ਬਿਰਧ ਆਸਰਮ ਨਹੀਂ ਜਾਣ ਦਿੰਦੀਆਂ ਬਲਕਿ ਆਪਣੇ ਘਰ ਰੱਖਦੀਆਂ ਹਨ। ਭਾਵੇਂ ਮਾਪੇ ਧੀਆਂ ਦੇ ਬੂਹੇ ਬੈਠਣ ਕਾਰਨ ਨਮੋਸੀ ਮੰਨਦੇ ਹਨ, ਪਰ ਸੂਝਵਾਨ ਧੀ-ਜਵਾਈ ਉਨ੍ਹਾਂ ਨੂੰ ਪੂਰਾ ਮਾਣ- ਸਨਮਾਨ ਦਿੰਦੇ ਹਨ। ਇਸ ਤੋਂ ਬਿਨਾਂ ਇਹ ਮੁੱਦਾ ਵੀ ਵਿਚਾਰਨਯੋਗ ਹੈ ਕਿ ਧੀਆਂ ਦੇ ਘਟਣ ਨਾਲ ਔਰਤ ਦਾ ਔਰਤ ਨਾਲ ਰਿਸਤਾ ਵੀ ਘਟ ਰਿਹਾ ਹੈ। ਭੂਆ-ਭਤੀਜੀ ਦਾ ਰਿਸਤਾ, ਬਹੁਤ ਨੇੜਲਾ ਰਿਸਤਾ ਹੈ।

ਭੈਣ ਦੀ ਅਣਹੋਂਦ ਕਾਰਨ ਇਹ ਭੈਣਾਂ ਵਾਂਗ ਵੀ ਵਰਤਵਾਰਾ ਰੱਖ ਸਕਦੀਆਂ ਹਨ। ਕਦੇ ਅੰਮੜੀ ਦੇ ਵਿਹੜੇ, ਬਾਬਲ ਦੇ ਖੇੜੇ ਰਲ ਬੈਠਣ ਦੁਖ- ਸੁਖ ਕਰ ਲੈਣ ਤੇ ਬਚਪਨ ਦੇ ਬਿਤਾਏ ਸੋਹਣੇ ਮੋਹ ਭਰੇ ਪਲਾਂ ਨੂੰ ਚੇਤੇ ਕਰਦਿਆਂ ਖੁਸੀਆਂ ਨਾਲ ਮਨ ਦੀਆਂ ਝੋਲੀਆਂ ਭਰ ਲੈਣ। ਇਹ ਆਮ ਕਿਹਾ ਜਾਂਦਾ ਹੈ ਕਿ ਭੂਆ-ਭਤੀਜੀ ਇੱਕੋ ਜਾਤ, ਮਾਂ ਤੇ ਦੀ ਦਾ ਕੋਈ ਨਾ ਸਾਕ। ਇਹ ਸੋਚ ਮਾਂ-ਧੀ ਦੇ ਸਾਕ ਨੂੰ ਨਕਾਰਨ ਲਈ ਨਹੀਂ ਬਲਕਿ ਭੂਆ- ਭਤੀਜੀ ਦੇ ਰਿਸਤੇ ਨੂੰ ਪਕੇਰਾ ਦੱਸਣ ਦੀ ਬਾਤ ਪਾਉਂਦੀ ਹੈ। ਭਤੀਜੀ ਦੀ ਜਾਤ ਗੋਤ ਉਹੀ ਹੁੰਦੀ ਹੈ ਜੋ ਭੂਆ ਦੀ। ਮਾਂ ਅਕਸਰ ਦੂਜੇ ਗੋਤ ਵਿੱਚੋਂ ਹੁੰਦੀ ਹੈ ਖਾਸਕਰ ਸਾਡੇ ਪੰਜਾਬੀ ਸੱਭਿਆਚਾਰ ਵਿੱਚ। ਇਸ ਦੇ ਉਲਟ ਭੂਆ-ਭਤੀਜੀ ਇੱਕੋ ਜੱਦ- ਗੋਤ ਦੀ ਅੰਸ ਵਿੱਚੋਂ ਹੁੰਦੀਆਂ ਹਨ। ਇਸ ਕਹਾਵਤ ਵਿੱਚ ਇਹੋ ਡੂੰਘੀ ਰਮਜ ਹੈ।

ਇਹ ਰਸਮਾਂ ਜਿਨ੍ਹਾਂ ਨੂੰ ਅਸੀਂ ਆਧੁਨਿਕ ਲੋਕ ਦਕੀਆਨੂਸੀ ਜਾਂ ਬੇਲੋੜੀਆਂ ਸਮਝਦੇ ਹਾਂ, ਇਹ ਰਿਸਤਿਆਂ ਨੂੰ ਬਣਾਈ ਰੱਖਣ ਲਈ ਜਰੂਰੀ ਹਨ। 'ਸਰਵਣ ਮੱਟ' ਤੇ 'ਭੂਆ ਦੀ ਗੁਥਲੀ' ਇਨ੍ਹਾਂ ਗੱਲਾਂ ਦੀ ਪ੍ਰੋੜ੍ਹਤਾ ਕਰਦੀ ਹੈ। ਇਨ੍ਹਾਂ ਰੀਤੀ- ਰਿਵਾਜਾਂ ਦਾ ਰੂਹ ਨੂੰ ਇੱਕ ਵੱਖਰਾ ਹੀ ਅਨੰਦਮਈ ਤੇ ਮੁਹੱਬਤੀ ਜਿਹਾ ਅਹਿਸਾਸ ਹੁੰਦਾ ਹੈ।

-ਪਰਮਜੀਤ ਕੌਰ ਸਰਹਿੰਦ

# ਵੰਡ ਦੇ ਦੁੱਖੜੇ : ਜਿਉਣ ਦੀ ਜ਼ਿੱਦ

ਅੱਜ ਮੈਂ ਤੁਹਾਨੂੰ ਬੀਬੀ ਗੰਗੋ ਦੀ ਦਰਦ ਕਹਾਣੀ ਸੁਣਾਉਣੀ ਹੈ। ਇਸ ਦਰਦ ਕਹਾਣੀ ਨੂੰ ਸੁਣਨ ਤੋਂ ਪਹਿਲਾਂ ਤੁਹਾਨੂੰ ਬੀਬੀ ਜੀਤ ਕੌਰ ਦੀ ਕਹਾਣੀ ਸੁਣਨੀ ਪਵੇਗੀ ਕਿਉਂਕਿ ਬੀਬੀ ਗੰਗੋ ਦੀ ਦਰਦ ਕਹਾਣੀ ਮੈਂ ਉਸ ਦੇ ਮੂੰਹੋਂ ਸੁਣੀ ਸੀ। ਦੋ ਕੁ ਵਰ੍ਹੇ ਪਹਿਲਾਂ ਦੀ ਗੱਲ ਏ। ਮੈਂ ਜ਼ਿਲ੍ਹਾ ਜਲੰਧਰ ਦੇ ਪਿੰਡ ਕਡਿਆਣੇ ਗਿਆ। ਉੱਥੇ ਵੱਸਦੇ ਸੌ ਸਾਲਾ ਕਿਸੇ ਬਜ਼ੁਰਗ ਕੋਲੋਂ ਸੰਤਾਲੀ ਦੇ ਆਰ-ਪਾਰ ਦੀਆ ਗੱਲਾਂ ਸੁਣਨ। ਵੰਡ ਤੋਂ ਪਹਿਲਾਂ ਇੱਥੇ ਨਾਰੂ ਗੋਤ ਦੇ ਮੁਸਲਮਾਨ ਰਾਜਪੂਤ ਵੱਸਦੇ ਸਨ ਤੇ ਕਰੀਬ ਸੌ ਕੁ ਘਰ ਆਦਿ-ਧਰਮੀਆਂ ਦੇ ਸਨ। ਬਾਬੇ ਕੋਲ ਸੰਤਾਲੀ ਤੋਂ ਪਹਿਲਾਂ ਦੇ ਕੰਡਿਆਣੇ ਦੀਆਂ ਸੈਆਂ ਗੱਲਾਂ ਸਨ। ਉਹਨੇ ਉੱਜੜ ਗਏ ਮੁਸਲਮਾਨਾਂ ਨੂੰ ਯਾਦ ਕਰ ਕੇ ਕਈ ਵਾਰ ਅੱਖਾਂ ਭਰੀਆਂ। ਗੱਲਬਾਤ ਮੁੱਕੀ ਤਾਂ ਉਹ ਕਹਿਣ ਲੱਗਾ- ਆ, ਮੈਂ ਤੈਨੂੰ ਇੱਕ ਓਧਰੋਂ ਆਈ ਬੀਬੀ ਨਾਲ ਮਿਲਾਉਂਦਾ ਹਾਂ। ਉਹ ਮੇਰੇ ਮੂਹਰੇ-ਮੂਹਰੇ ਤੁਰ ਪਿਆ ਤੇ ਮੈਨੂੰ ਬੀਬੀ ਜੀਤ ਕੌਰ ਦੇ ਘਰ ਲੈ ਗਿਆ। ਬੀਬੀ ਜੀਤ ਕੌਰ ਵ੍ਹੀਲ-ਚੇਅਰ 'ਤੇ ਸੀ। ਮੇਰੀ ਗੁਜਾਰਿਸ਼ 'ਤੇ ਬੀਬੀ ਜੀਤ ਕੌਰ ਨੇ ਆਪਣੀ ਕਹਾਣੀ ਸੁਣਾਉਣੀ ਸ਼ੁਰੂ ਕੀਤੀ, ''ਸਾਡੇ ਦਾਦੇ ਹੁਸ਼ਿਆਰਪੁਰ ਦੇ ਪਿੰਡ ਨੌਧ ਸਿੰਘ ਦੇ ਕੋਟਲੇ ਤੋਂ ਉੱਠ ਕੇ ਕੋਟਬਾਰ ਪਿੰਡ 'ਚ ਗਏ ਸਨ। ਨਨਕਾਣਾ ਸਾਹਿਬ ਨੇੜੇ। ਉੱਥੇ ਸਾਡਾ ਆਦਿ ਧਰਮੀਆਂ ਦਾ ਵੱਖਰਾ ਵਿਹੜਾ ਸੀ। ਵੀਹ ਪੱਚੀ ਘਰ ਹੋਣਗੇ। ਬਾਪੂ ਹੋਰੀਂ ਚਾਰ ਭਰਾ ਸਨ। ਸਾਡਾ ਬਾਪ ਰੁਲੀਆ ਰਾਮ ਸਾਰਿਆਂ ਤੋਂ ਵੱਡਾ ਸੀ। ਉਹਤੋਂ ਛੋਟਾ ਗੰਘੂ ਰਾਮ, ਫਿਰ ਛੋਟਾ ਤੋਖੂ ਰਾਮ ਤੇ ਸਭ ਨਾਲੋਂ ਛੋਟਾ ਸ਼ੇਰੂ ਰਾਮ ਸੀ। ਸਾਰੇ ਵਿਆਹੇ ਵਰ੍ਹੇ ਸਨ। ਘਰ 'ਕੱਠੇ ਸੀ, ਪਰ ਰਹਿੰਦੇ ਵੱਖੋ ਵੱਖ ਸਨ। ਅਸੀਂ ਚਾਰ ਭੈਣਾਂ ਤੇ ਸਾਡਾ ਇੱਕ ਭਾਈ ਸੀ। ਮੈਥੋਂ ਵੱਡੀਆਂ ਏਧਰ ਵਿਆਹੀਆਂ ਹੋਈਆਂ ਸਨ। ਉਸ ਚੱਕ ਦੀ ਸਭ ਨਾਲੋਂ ਕੌੜੀ ਯਾਦ ਤਾਂ ਏਹੋ ਆ ਕਿ ਉੱਥੇ ਸਾਨੂੰ ਪੜ੍ਹਨ ਨਹੀਂ ਸੀ ਦਿੰਦੇ। ਸਕੂਲ ਪਿੰਡੋਂ ਹਟਵਾਂ ਸੀ। ਮਾਪਿਆਂ ਨੇ ਕਾਇਦੇ ਦੇ ਕੇ ਸਕੂਲ ਤੋਰਨਾ। ਰਾਹ 'ਚ ਬੰਦੇ ਖੜ੍ਹੇ ਹੋਣੇ। ਉਨ੍ਹਾਂ ਸਾਡੇ ਕੋਲੋਂ ਕਾਇਦੇ ਖੋਹ ਕੇ ਪਾੜ ਦੇਣੇ। ਅਸੀਂ ਰੋਂਦੀਆਂ-ਰੋਂਦੀਆਂ ਨੇ ਘਰ ਮੁੜ ਆਉਣਾ। ਘਰ ਆ ਕੇ ਬਾਪੂ ਨੂੰ ਦੱਸਣਾ। ਉਦੋਂ ਗ਼ਰੀਬਾਂ ਦੀ ਪੁੱਗਦੀ ਨਹੀਂ ਸੀ ਹੁੰਦੀ। ਬਾਪੂ ਨੇ ਚੁੱਪ ਕਰ ਜਾਣਾ। ਜੇ ਇਹ ਵਿਤਕਰੇ ਨਾ ਹੁੰਦੇ, ਥੋੜ੍ਹਾ ਬਹੁਤ ਮੈਂ ਵੀ ਪੜ੍ਹ ਲੈਣਾ ਸੀ...।'' ਬੀਬੀ ਜੀਤ ਕੌਰ ਨੇ ਠੰਢਾ ਹਉਕਾ ਭਰਿਆ।

''...ਬਾਪੂ ਮੇਰਾ ਖੱਡੀ ਬੁਣਦਾ ਸੀ...।'' ਛਿਣ ਕੁ ਚੁੱਪ ਰਹਿਣ ਮਗਰੋਂ ਉਹ ਅਗਾਂਹ ਬੋਲੀ।

''...ਤੋਖੂ ਚਾਚੇ ਨੇ ਪਸ਼ੂ ਰੱਖੇ ਹੋਏ ਸਨ। ਬਾਕੀ ਅੱਧ 'ਤੇ ਖੇਤੀ ਕਰਦੇ ਸਨ। ਉੱਥੇ ਮੁਸਲਮਾਨ ਬਹੁਤ ਸਨ। ਉਨ੍ਹਾਂ ਈਦ ਮਨਾਉਣੀ। ਅਸੀਂ ਨਿੱਕੀਆਂ-ਨਿੱਕੀਆਂ ਨੇ ਈਦ ਮੰਗਣ ਜਾਣਾ। ਤਕੀਏ ਉੱਤੇ ਸਾਲ ਮਗਰੋਂ ਪੰਜ ਛੇ ਦਿਨ ਮੇਲਾ ਲੱਗਣਾ। ਉਨ੍ਹਾਂ ਨੱਚਣ ਲਈ ਕੰਜਰੀਆਂ ਸੱਦਣੀਆਂ। ਉਨ੍ਹਾਂ ਦੇ ਦੋ ਗੁੱਟਾਂ ਕੀਤੀਆਂ ਹੋਣੀਆਂ। ਅਸੀਂ ਵੱਡੀਆਂ ਕੁੜੀਆਂ ਦੇ ਮਗਰ ਪੈ ਜਾਣਾ ਕਿ ਅਸੀਂ ਉਨ੍ਹਾਂ ਦੀਆਂ ਦੋ ਗੁੱਤਾਂ ਦੇਖਣ ਜਾਣਾ। ਉੱਥੇ ਗ਼ਰੀਬਾਂ ਦੇ ਗੁਜ਼ਾਰੇ ਵੀ ਚੰਗੇ ਸਨ। ਪਿੰਡ ਦੇ ਮੁਸਲਮਾਨ ਵੀ, ਗ਼ਰੀਬਾਂ ਦਾ ਬਹੁਤ ਖ਼ਿਆਲ ਰੱਖਦੇ ਸਨ।'' ਉਹਦੇ ਚਿਹਰੇ 'ਤੇ ਥੋੜ੍ਹਾ ਸਕੂਨ ਆਇਆ।

''ਉਜਾੜਿਆਂ ਵੇਲੇ ਕੀ ਹੋਇਆ?'' ਮੈਂ ਅਗਾਂਹ ਪੁੱਛਿਆ।

''ਉਦੋਂ ਦੀਆਂ ਤਾਂ ਤੂੰ ਨਾ ਹੀ ਪੁੱਛੇ ਤਾਂ ਚੰਗਾ। ਰੌਲੇ ਪੈਣੇ ਸ਼ੁਰੂ ਹੋ ਗਏ। ਮਾਹੌਲ ਵਿਗੜ ਗਿਆ। ਮੁਸਲਮਾਨਾਂ ਆਖਿਆ- ਜੇ ਤੁਸੀਂ ਨਾ ਉੱਠੇ ਤਾਂ ਤੁਹਾਡੇ ਜੀਆਂ ਦਾ ਨੁਕਸਾਨ ਹੋ ਜਾਣਾ। ਸਾਡੇ ਬਜ਼ੁਰਗ, ਮਸੀਂ ਬਣਾਏ ਘਰਾਂ ਤੇ ਮੱਝਾਂ-ਗਾਵਾਂ ਦੀਆਂ ਗੱਲਾਂ ਕਰਨ ਲੱਗ ਪਏ। ਸਭ ਨਾਲੋਂ ਵੱਧ ਅੜੀ ਚਾਚੇ ਤੋਖੇ ਨੇ ਕੀਤੀ ਸੀ। ਮੁੜ-ਮੁੜ ਇੱਕੋ ਗੱਲ ਕਰੀ ਜਾਵੇ 'ਲਲਾਰੀ ਦਾ ਮੱਟ ਵਿਗੜ ਗਿਆ ਏ।'



ਇੱਕ ਦਿਨ ਬਰਾਦਰੀ ਦੇ ਸਾਰੇ ਬੰਦੇ ਬਾਪੂ ਕੋਲੋਂ ਪੁੱਛਣ ਲੱਗੇ-ਰੁਲੀਆ ਰਾਮ, ਹੁਣ ਕਿੱਦਾਂ ਕਰੀਏ? ਜੇ ਬਾਹਰੋਂ ਹਮਲਾ ਹੋਇਆ ਤਾਂ ਉਨ੍ਹਾਂ ਸਾਡੇ ਬੱਚੇ ਵੀ ਮਾਰ ਦੇਣੇ ਨੇ। ਆਖ਼ਰ ਬਾਪੂ ਪਿੰਡ ਛੱਡਣ ਲਈ ਮੰਨ ਗਿਆ। ਘਰੋਂ ਅਸੀਂ ਕੱਖ ਨਹੀਂ ਚੁੱਕਿਆ। ਓਦਾਂ ਈ ਰੋ-ਰੋ ਮੱਝਾਂ ਛੱਡ ਦਿੱਤੀਆਂ। ਓਦਾਂ ਈ ਰੋ-ਰੋ ਘਰ ਬਾਰ ਛੱਡ ਦਿੱਤੇ। ਮਾਪਿਆਂ ਨੇ ਮੈਨੂੰ ਤੇ ਮੇਰੇ ਭਰਾ ਨੂੰ ਮੂਹਰੇ-ਮੂਹਰੇ ਤੋਰ ਲਿਆ। ਤੁਰਨ ਵੇਲੇ ਤੋਖੂ ਚਾਚਾ ਫਿਰ ਅੜ ਗਿਆ। ਉਹੀ ਗੱਲ-ਲਲਾਰੀ ਦਾ ਮੱਟ ਵਿਗੜ ਗਿਆ ਏ।

ਉਹ ਪਿੰਡੋਂ ਨਾ ਤੁਰਿਆ। ਅਸੀਂ ਸਾਰੇ ਨਨਕਾਣੇ ਸਾਹਿਬ ਆ ਗਏ। ਉੱਥੇ ਕੈਂਪ ਲੱਗਾ ਹੋਇਆ ਸੀ। ਸਾਥੋਂ ਮਗਰੋਂ ਵੀ ਚਾਚੇ ਨੂੰ ਪਿੰਡ ਦੇ ਮੁਸਲਮਾਨਾਂ ਨੇ ਸਮਝਾਉਣਾ-ਤੋਖੂ ਰਾਮਾ, ਤੇਰੇ ਭਰਾ ਦੂਰ ਨਹੀਂ ਗਏ। ਤੂੰ ਉੱਠ ਖੜ੍ਹਾ ਹੋ। ਉੱਥੇ ਤੇਰੇ ਭਰਾ, ਤੇਰੀਆਂ ਭਰਜਾਈਆਂ, ਤੇਰੀ ਪਤਨੀ, ਤੇਰੇ ਬੱਚੇ ਆ। ਤੂੰ ਵੀ ਚਲਾ ਜਾਹ।

ਅੱਗੋਂ ਚਾਚੇ ਦੀ ਫਿਰ ਉਹੀ ਗੱਲ ਕਿ ਲਲਾਰੀ ਦਾ ਮੱਟ ਵਿਗੜ ਗਿਆ ਏ।

ਮੂਹਰਿਓਂ ਪਿੰਡ ਦਾ ਚੌਧਰੀ ਬੋਲਿਆ-ਤੋਖੂ ਰਾਮਾ, ਜੇ ਲਲਾਰੀ ਦਾ ਮੱਟ ਵਿਗੜ ਗਿਆ ਤਾਂ ਤੇਰੇ 'ਕੱਲੇ ਲਈ ਥੋੜ੍ਹੋ ਵਿਗੜਿਆ। ਇਹ ਤਾਂ ਸਾਰਿਆਂ ਲਈ ਵਿਗੜ ਗਿਆ ਏ। ਤੂੰ ਉੱਠ ਖੜ੍ਹਾ ਹੋ। ਵੱਢ ਵਢਾਂਗੇ ਸ਼ੁਰੂ ਹੋ ਗਏ ਨੇ। ਅਸੀਂ ਤਾਂ ਤੈਨੂੰ ਰੱਖ ਲਵਾਂਗੇ, ਪਰ ਜੇ ਬਾਹਰਲੇ ਆ ਗਏ ਤਾਂ ਭੀੜ ਮੂਹਰੇ ਸਾਡਾ ਕੋਈ ਜ਼ੋਰ ਨਹੀਂ ਚੱਲਣਾ। ਦੋ ਦਿਨਾਂ ਬਾਅਦ ਉਹਨੂੰ ਰੋਂਦੇ-ਵਿਲਕਦੇ ਨੂੰ ਪਿੰਡ ਦੇ ਮੁਸਲਮਾਨ ਨਨਕਾਣਾ ਸਾਹਿਬ ਛੱਡ ਗਏ। ਉੱਥੇ ਵੀ ਉਹ ਘਰ ਤੇ ਡੰਗਰਾਂ ਨੂੰ ਯਾਦ ਕਰ ਕੇ ਰੋਈ ਗਿਆ। ਮੇਰੇ ਬਾਪੂ ਨੇ ਉਹਨੂੰ ਬੁੱਕਲ 'ਚ ਲੈ ਕੇ ਆਖਿਆ ਸੀ-ਦੇਖ ਤਾਂ ਕਿੰਨੀ ਦੁਨੀਆ 'ਕੱਠੀ ਹੋਈ ਪਈ ਆ। ਇਹ ਵੀ ਤਾਂ ਘਰ ਬਾਰ ਛੱਡ ਕੇ ਆਏ ਨੇ। ਕਈ ਤਾਂ ਕੱਲ੍ਹ ਤੱਕ ਮੁਰੱਬਿਆਂ ਦੇ ਮਾਲਕ ਸਨ ਤੇ ਅੱਜ...! ਮਹੀਨਾ ਭਰ ਅਸੀਂ ਨਨਕਾਣਾ ਸਾਹਿਬ ਰਹੇ। ਉੱਥੋਂ ਤੁਰਨ ਲੱਗਿਆਂ ਸਾਡੇ ਸਾਰੇ ਚਾਚੇ ਸਾਥੋਂ ਵਿੱਛੜ ਗਏ।

ਇੱਧਰ ਹੁਸ਼ਿਆਰਪੁਰ ਦੇ ਪਿੰਡ ਪਿਆਲਾਂ 'ਚ ਮੇਰੀ ਭੂਆ ਹੁੰਦੀ ਸੀ। ਤੋਖੀ ਚਾਚਾ ਸਾਥੋਂ ਪਹਿਲਾਂ ਇੱਥੇ ਆ ਗਿਆ। ਕੁਝ ਦਿਨਾਂ ਬਾਅਦ ਅਸੀਂ ਵੀ ਨਸਰਾਲੇ ਵਾਲੇ ਟੇਸ਼ਣ 'ਤੇ ਉੱਤਰ ਕੇ ਪਿਆਲਾ ਪਹੁੰਚੇ। ਚਾਚਾ ਤੋਖੀ ਤਾਂ ਸੁੱਕ ਕੇ ਕਾਨਾ ਹੋ ਗਿਆ ਸੀ। ਬਸ ਰੋਈ ਜਾਂਦਾ ਸੀ। ਵੀਹ ਕੁ ਦਿਨਾਂ ਬਾਅਦ ਤੋਖੀ ਚਾਚਾ ਮੁੱਕ ਗਿਆ। ਉਹਤੋਂ ਪੱਚੀ ਦਿਨਾਂ ਬਾਅਦ ਸਾਡਾ ਬਾਪੂ ਵੀ ਪੂਰਾ ਹੋ ਗਿਆ। ਅਸੀਂ ਭੈਣ ਭਰਾ ਛੋਟੇ-ਛੋਟੇ ਸੀ। ਸਾਡੀ ਮਾਂ ਰੋਵੇ ਕਿ ਆਪਣੇ ਬੱਚੇ ਲੈ ਕੇ ਮੈਂ ਹੁਣ ਕਿੱਥੇ ਜਾਵਾਂ? ਅਸੀਂ ਉਸ ਪਾਰ ਦੇ ਰਹੇ, ਨਾ ਇਸ ਪਾਰ ਦੇ। ਇਹਦੇ ਨਾਲੋਂ ਤਾਂ 'ਕੱਠਿਆਂ ਨੂੰ ਉੱਥੇ ਈ ਮਾਰ ਦਿੰਦੇ ਤਾਂ ਚੰਗਾ ਸੀ।

ਕੁਝ ਦਿਨਾਂ ਬਾਅਦ ਮੇਰੀ ਮਾਂ ਨੇ ਜੱਦੀ ਪਿੰਡ ਨੌਧ ਸਿੰਘ ਦੇ ਕੋਟਲੇ ਜਾਣ ਦਾ ਫ਼ੈਸਲਾ ਕਰ ਲਿਆ। ਇੱਕ ਸਵੇਰ ਉਹਨੇ ਰਜਾਈ ਦੀ ਗੱਠੜੀ ਜਿਹੀ ਬੰਨ੍ਹ ਕੇ ਸਿਰ ਉੱਤੇ ਰੱਖ ਲਈ ਤੇ ਸਾਨੂੰ ਮੂਹਰੇ-ਮੂਹਰੇ ਤੋਰ ਲਿਆ। ਅਸੀਂ 'ਆਪਣੇ' ਪਿੰਡ ਆ ਗਏ। ਇੱਥੇ ਨਿੱਕਾ ਜਿਹਾ ਸਾਡਾ ਪੁਰਾਣਾ ਕੋਠਾ ਹਾਲੇ ਬਚਦਾ ਸੀ। ਮਾਂ ਸਾਨੂੰ ਲੈ ਕੇ ਉੱਥੇ ਬਹਿ ਗਈ। ਫਿਰ ਮਾਂ ਕਹਿੰਦੀ-ਹੁਣ ਅਸੀਂ ਮਜ਼ਦੂਰੀ ਕਿਹੜੀ ਕਰੀਏ? ਇੱਕ ਭੈਣ ਨੇ ਸਾਨੂੰ ਚੱਕੀ ਦੇ ਦਿੱਤੀ। ਕਿਸੇ ਨੇ ਪਤੀਲਾ ਦੇ ਦਿੱਤਾ। ਕਿਸੇ ਨੇ ਪਰਾਤ ਤੇ ਕਿਸੇ ਨੇ ਕੌਲੀ ਦੇ ਦਿੱਤੀ। ਨਾਨਕਿਆਂ ਨੇ ਵੀ ਥੋੜ੍ਹੀ ਬਹੁਤ ਮਦਦ ਕਰ ਦਿੱਤੀ।

ਸਾਡੇ ਪਿੰਡ ਦੇ ਕੁਝ ਲੋਕ ਸਿਲਕ ਬੁਣਦੇ ਸੀ। ਮੇਰੇ ਭਰਾ ਨੇ ਉਨ੍ਹਾਂ ਕੋਲ ਬਹਿ ਜਾਣਾ। ਦੇਖਦੇ ਰਹਿਣਾ। ਇੱਕ ਦਿਨ ਕਿਸੇ ਬਜ਼ੁਰਗ ਨੇ ਉਹਨੂੰ ਆਖਿਆ-ਰਤਨ, ਆ ਤੂੰ ਵੀ ਰੋਟੀ ਕਮਾ। ਫਿਰ ਉਹ ਵੀ ਸਿਲਕ ਬੁਣਨ ਲੱਗ ਪਿਆ। ਬੁੜ੍ਹੀਆਂ ਨੇ ਸਿਲਕ ਦੀਆਂ ਰੀਲ੍ਹਾਂ ਵੱਟਣੀਆਂ। ਬਾਰਾਂ ਆਨੇ ਮਿਲਦੇ ਸੀ, ਇੱਕ ਕਿਲੋ ਦੇ। ਉਨ੍ਹਾਂ ਮੈਨੂੰ ਵੀ ਕੋਲ ਬਿਠਾ ਲੈਣਾ। ਕਹਿਣਾ- ਆ ਜਾ, ਤੂੰ ਕੁਝ ਕਮਾ ਲੈ। ਰੋਜ਼ ਦੀਆਂ ਕਿਲੋ ਕੁ ਰੀਲ੍ਹਾਂ ਮੈਂ ਵੀ ਵੱਟਣ ਲੱਗ ਪਈ।

ਸਾਡਾ ਗੁਜ਼ਾਰਾ ਰਿੜ੍ਹ ਪਿਆ। ਮੈਂ ਬਾਰ 'ਚ ਹੀ ਮੰਗੀ ਹੋਈ ਸੀ। ਇਹ ਇਸੀ ਪਿੰਡ ਕੰਡਿਆਣੇ ਤੋਂ ਓਧਰ ਗਏ ਸੀ। ਓਧਰ ਇਨ੍ਹਾਂ ਦਾ ਜੜ੍ਹਾਂਵਾਲੇ ਕੋਲ ਚੁਤਾਲੀ ਚੱਕ ਸੀ। ਮੇਰੀ ਮਾਂ ਨੂੰ ਪਤਾ ਲੱਗਿਆ ਕਿ ਮੈਂ ਜਿਹਦੇ ਨਾਲ ਮੰਗੀ ਹੋਈ ਸਾਂ ਉਹ ਮੁੰਡਾ ਏਧਰ ਆ ਗਿਆ ਏ। ਉਹਨੇ ਮਾਮੇ ਨੂੰ ਦੱਸਿਆ। ਮਾਮੇ ਨੇ ਪੁੱਛਿਆ-ਵਿਹਾਰ ਕਰ ਦਈਏ? ਮਾਂ ਬੋਲੀ-ਕਰ ਦਿਓ, ਮੇਰੇ ਕੋਲ ਤਾਂ ਕੋਈ ਪੁੱਜਤ ਨਹੀਂ। ਅਸੀਂ ਉੱਜੜਿਆਂ ਨੇ ਕੀ ਸ਼ਾਦੀਆਂ ਕਰਨੀਆਂ ਸੀ। ਕੰਡਿਆਣੇ ਤੋਂ ਗੱਡਿਆਂ 'ਤੇ ਬਰਾਤ ਗਈ ਤੇ ਮੈਨੂੰ ਵਿਆਹ ਕੇ ਲੈ ਆਈ।

ਮੇਰੇ ਸਹੁਰੇ ਪੰਜ ਭਰਾ ਸਨ। ਓਧਰ ਉਨ੍ਹਾਂ ਦੀ ਭੈਣ ਗੰਗੋ ਵੀ ਚੁਤਾਲੀ ਚੱਕ 'ਚ ਹੀ ਰਹਿੰਦੀ ਸੀ। ਗੰਗੋ ਭੂਆ ਦੇ ਸੱਤ ਪੁੱਤਰ ਸਨ। ਇਹ ਸਾਰੇ ਆਪਣੇ ਪਿੰਡੋਂ ਉੱਠ ਕੇ ਜੜ੍ਹਾਂਵਾਲੇ ਕੈਂਪ 'ਚ ਆ ਗਏ। ਉੱਥੇ ਇਨ੍ਹਾਂ 'ਤੇ ਹਮਲਾ ਹੋ ਗਿਆ। ਬਹੁਤ ਵੱਢ ਵਢਾਂਗਾ ਹੋਇਆ। ਮੇਰੇ ਸਹੁਰੇ ਸਮੇਤ, ਪੰਜ ਭਰਾਵਾਂ 'ਚੋਂ ਚਾਰ ਉੱਥੇ ਹੀ ਕਤਲ ਹੋ ਗਏ। ਮੇਰੀ ਸੱਸ ਨੇ ਦੱਸਿਆ ਸੀ ਕਿ ਖੋਖੇ 'ਚ ਉਹਦੇ ਪੁੱਤਰਾਂ ਉੱਪਰ ਰਜਾਈਆਂ ਸੁੱਟ ਕੇ ਅੱਗ ਲਗਾ ਗਏ ਸੀ। ਹਮਲਾਵਰ ਆਸੇ ਪਾਸੇ ਹੋਏ ਤਾਂ ਮੇਰੀ ਸੱਸ ਨੇ ਆਪਣੇ ਪੁੱਤ ਅੱਗ 'ਚੋਂ ਕੱਢ ਲਏ ਸੀ। ਮੇਰੀ ਸੱਸ ਦੇ ਸਿਰ ਤੇ ਹੱਥ 'ਤੇ ਵੀ ਤਲਵਾਰਾਂ ਦੇ ਨਿਸ਼ਾਨ ਸਨ।

ਮੇਰੇ ਸਹੁਰੇ ਦਾ ਇੱਕ ਭਰਾ ਜਿਹੜਾ ਬਚ ਗਿਆ ਸੀ ਕਿ ਉਹ ਭੈਣ ਗੰਗੋ ਨੂੰ ਵੀ ਇੱਥੇ ਕੰਡਿਆਣੇ ਲੈ ਆਇਆ। ਅਸੀਂ ਉਹਨੂੰ ਗੰਗੋ ਭੂਆ ਕਹਿੰਦੇ ਸੀ। ਗੰਗੋ ਭੂਆ ਦੇ ਸੱਤਾਂ ਪੁੱਤਰਾਂ 'ਚੋਂ ਛੇ ਜੜ੍ਹਾਂਵਾਲੇ ਮਾਰੇ ਗਏ ਸਨ। ਇੱਕ ਇੱਧਰ ਆ ਕੇ ਬਿਮਾਰ ਹੋ ਕੇ ਮੁੱਕ ਗਿਆ ਸੀ। ਉਹਦੇ ਪਤੀ ਕੋਲੋਂ ਇਹ ਹਾਦਸਾ ਝੱਲਿਆ ਨਹੀਂ ਸੀ ਗਿਆ। ਭੂਆ ਨੇ ਬਥੇਰੇ ਵਾਸਤੇ ਪਾਏ ਕਿ ਕੁਝ ਹੌਸਲਾ ਕਰ, ਪਰ ਉਹ ਸਦਮੇ 'ਚੋਂ ਬਾਹਰ ਨਾ ਆਇਆ। ਛੇਤੀ ਉਹ ਵੀ ਮੁੱਕ ਗਿਆ। ਗੰਗੋ ਭੂਆ ਸੌ ਸਾਲ ਦੀ ਹੋ ਕੇ ਮਰੀ। ਉਹਦੇ ਅੰਦਰ ਗ਼ਮ ਦੀਆਂ ਗੰਢਾਂ ਬੱਝ ਗਈਆਂ ਸਨ।'' ਗੱਲ ਮੁਕਾ ਬੀਬੀ ਜੀਤ ਕੌਰ ਚੁੱਪ ਹੋ ਗਈ। ''ਆਪਣੇ ਪੁੱਤਰਾਂ ਨੂੰ ਯਾਦ ਕਰ ਕੇ ਕਦੇ-ਕਦੇ ਉਹ ਰੋਂਦੀ ਵੀ ਹੁੰਦੀ ਸੀ?'' ਮੈਂ ਪੁੱਛਿਆ।

''ਕਿਤੇ ਲੁਕ ਕੇ ਰੋ ਲੈਂਦੀ ਹੋਊਗੀ, ਪਰ ਸਾਹਮਣੇ ਕਦੇ ਨਹੀਂ ਰੋਈ। ਮੇਰੇ ਬੱਚਿਆਂ ਨੂੰ ਉਹਨੇ ਬੜਾ ਪਿਆਰ ਕੀਤਾ। ਮਰਨ ਤੋਂ ਦੋ ਦਿਨ ਪਹਿਲਾਂ ਮੈਨੂੰ ਕਹਿਣ ਲੱਗੀ-ਜੀਤ ਕੁਰੇ, ਸੱਤ ਪੁੱਤ, ਚਾਰ ਭਰਾ ਤੇ ਘਰਵਾਲਾ; ਪੂਰੇ ਦਰਜਨ ਰਿਸ਼ਤੇ ਤੋਰ ਕੇ ਮੈਂ ਸੱਠ ਵਰ੍ਹੇ ਜਿਉਂਦੀ ਰਹੀ। ਦੇਖ ਲੈ, ਕਿੰਨੀ ਢੀਠ ਨਿਕਲੀ ਮੈਂ ਵੀ! ਮੇਰੇ ਪੁੱਤ ਵੀ ਕਹਿੰਦੇ ਹੋਣੇ ਆਂ ਕਿ ਸਾਨੂੰ ਤੋਰ ਕੇ ਸਾਡੀ ਬੀਬੀ ਪਤਾ ਨਹੀਂ ਕਿੱਥੇ ਰਹਿ ਗਈ। ਹੁਣ ਅੱਗੇ ਜਾ ਕੇ ਮੈਨੂੰ ਉਨ੍ਹਾਂ ਦੀਆਂ ਗੱਲਾਂ ਤਾਂ ਸੁਣਨੀਆਂ ਈ ਪੈਣੀਆਂ। ਉਂਜ ਬਹਾਨਾ ਤਾਂ ਸੋਚ ਲਿਆ ਆ ਮੈਂ। ਮੈਂ ਪੁੱਛਿਆ- ਬਹਾਨਾ ਕੀ ਸੋਚਿਆ ਭੂਆ? ਮੂਹਰਿਓਂ ਭੂਆ ਦਰਦੀਲਾ ਜਿਹਾ ਹੱਸ ਕੇ ਬੋਲੀ-ਕਹਿ ਦਿਆਂਗੀ ਕਿ ਮੈਂ ਜ਼ਿੱਦ ਪਾਲਣ ਲੱਗ ਪਈ ਸਾਂ। ਜਿਉਣ ਦੀ ਜ਼ਿੱਦ। ਕਾਤਲਾਂ ਨੂੰ ਜੀ ਕੇ ਦਿਖਾਉਣਾ ਸੀ।'' ਗੱਲ ਮੁਕਾਉਂਦਿਆਂ ਬੀਬੀ ਜੀਤ ਕੌਰ ਦਾ ਗੱਚ ਭਰ ਆਇਆ।

-ਸਾਂਵਲ ਧਾਮੀ

# ਲੋਕ ਗੀਤਾਂ ਵਿੱਚ ਕੁਦਰਤ ਦੀ ਮਹਿਮਾ

ਲੋਕ ਗੀਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਘਰ, ਖੇਤ, ਮੌਸਮ ਦੀ ਗਰਮੀ- ਸਰਦੀ, ਪਸ਼ੂ-ਪੰਛੀ, ਬ੍ਰਿਛ-ਬੂਟੇ, ਮੇਲੇ- ਤਿਓਹਾਰ ਅਤੇ ਜਨਮ ਤੋਂ ਲੈ ਕੇ ਮਰਨ ਤੱਕ ਦੀਆਂ ਸੁਖ-ਦੁਖ ਦੀਆਂ ਸਭ ਘਟਨਾਵਾਂ ਇਨ੍ਹਾਂ ਲੋਕ ਗੀਤਾਂ ਵਿੱਚ ਮੌਜੂਦ ਹੁੰਦੀਆਂ ਹਨ। ਲੋਕ ਗੀਤ ਕਿਤੇ ਸਾਰੰਗੀ 'ਤੇ ਗਾਇਆ ਜਾਂਦਾ ਹੈ, ਕਿਤੇ ਇੱਕਤਾਰੇ, ਕਿਤੇ ਢੋਲਕ ਅਤੇ ਕਿਤੇ ਘੜੇ ਆਦਿ 'ਤੇ ਗਾਇਆ ਜਾਂਦਾ ਹੈ। ਕਿਤੇ ਚਰਖੇ ਦੀ ਘੂੰ-ਘੂੰ ਉਸ ਵਿੱਚ ਸੁਰ ਭਰਦੀ ਹੈ ਅਤੇ ਕਿਤੇ ਝਾਂਜਰ ਦੀ ਛਣਕਾਰ ਉਸ ਨੂੰ ਉਭਾਰਦੀ ਹੈ। ਲੋਕ ਗੀਤਾਂ ਵਿੱਚ ਆਮ ਤੌਰ 'ਤੇ ਕਿਸੇ ਇੱਕ ਮਨੁੱਖ ਦੀ ਕਹਾਣੀ ਨਹੀਂ ਹੁੰਦੀ। ਇਨ੍ਹਾਂ ਦਾ ਅਸਲੀ ਰੂਪ ਉੱਥੇ ਹੀ ਉੱਭਰਦਾ ਹੈ ਜਿੱਥੇ ਉਹ ਕਿਸੇ ਕੌਮ ਜਾਂ ਸਮੂਹ ਦੀ ਆਵਾਜ ਹੁੰਦੇ ਹਨ। ਕਦੇ-ਕਦੇ ਪਿੰਡਾਂ ਦੇ ਪਿੰਡ ਅਤੇ ਸ਼ਹਿਰਾਂ ਦੇ ਸ਼ਹਿਰ ਕਿਸੇ ਲੋਕ ਗੀਤ ਦੇ ਇੱਕ ਟੱਪੇ ਵਿੱਚ ਸਾਡੇ ਸਾਹਮਣੇ ਹੂਬਹੂ ਤਸਵੀਰ ਖਿੱਚ ਜਾਂਦੇ ਹਨ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਮਨੁੱਖ ਜਿਸ ਮਿੱਟੀ ਵਿੱਚ ਖੇਡਿਆ, ਕੁੱਦਿਆ ਅਤੇ ਪਲਿਆ ਹੁੰਦਾ ਹੈ, ਜਿਸ ਮਿੱਟੀ ਨਾਲ ਉਸ ਦਾ ਜੀਵਨ ਮਰਨ ਦਾ ਰਿਸ਼ਤਾ ਹੈ, ਉਸ ਨਾਲ ਉਸ ਦੀ ਇੱਕ ਖਾਸ ਸਾਂਝ ਹੁੰਦੀ ਹੈ। ਇਸੇ ਲਈ ਭਾਰਤ ਦੇ ਲੋਕ ਗੀਤਾਂ ਵਿੱਚ ਅਕਸਰ ਧਰਤੀ ਮਾਤਾ ਦਾ ਪਿਆਰ ਠਾਠਾਂ ਮਾਰਦਾ ਹੈ। ਲੋਕਾਂ ਦੀਆਂ ਰਗਾਂ ਵਿਚਲੇ ਖ਼ੂਨ ਵਾਂਗ ਧਰਤੀ ਦਾ ਪਿਆਰ ਅਣਗਿਣਤ ਪੀੜ੍ਹੀਆਂ ਤੋਂ ਲੋਕਾਂ ਦੇ ਦਿਲਾਂ ਵਿੱਚ ਹੁਲਾਰੇ ਮਾਰਦਾ ਆਇਆ ਹੈ। ਧਰਤੀ ਨਾਲ ਮਨੁੱਖ ਦੀ ਸਭ ਤੋਂ ਵੱਡੀ ਸਾਂਝ ਇਹ ਹੈ ਕਿ ਧਰਤੀ ਤੋਂ ਉਹ ਅੰਨ ਪੈਦਾ ਕਰਦਾ ਹੈ। ਇਸ ਲਈ ਸੁਭਾਵਕ ਚੰਗੀ ਪੈਦਾਵਾਰ ਦੀ ਸੂਚਨਾ ਦੇਣ ਵਾਲੀ ਹਰਿਆਲੀ ਨਾਲ ਲੱਦੀ ਧਰਤੀ ਨੂੰ ਵੇਖ ਕੇ ਮਨੁੱਖ ਦਾ ਮਨ ਖੁਸ਼ੀ ਨਾਲ ਝੂਮ ਉੱਠਦਾ ਹੈ। ਹੇਠਾਂ ਬੁਦੇਲਖੰਡ ਦਾ ਇੱਕ ਲੋਕ ਗੀਤ ਹੈ ਜਿਸ ਵਿੱਚ ਧਰਤੀ ਦੀ ਬਹੁਤ ਹੀ ਖੂਬਸੂਰਤ ਤਸਵੀਰ ਮਿਲਦੀ ਹੈ। ਇਹ ਗੀਤ ਸੰਸਾਰ ਦੇ ਚੋਣਵੇਂ ਗੀਤਾਂ ਵਿੱਚ ਥਾਂ ਲੈ ਸਕਦਾ ਹੈ :

ਧਰਤੀ ਮਾਤਾ ਤੈਨੇ ਕਾਜਰ ਦਏ
ਸੇਂਦਰਨ ਭਰ ਲਈ ਮਾਂਗ,
ਪਹਿਰ ਹਰਿਆਲਾ ਠਾੜ੍ਹੀ ਭਈ।
ਤੈਨੇ ਮੋਹ ਲਓ ਜਗਤ ਸੰਸਾਰ।

(ਅਰਥਾਤ: ਹੇ ਧਰਤੀ ਮਾਤਾ! ਤੂੰ ਅੱਖਾਂ ਵਿੱਚ ਕਜਲਾ ਪਾ ਲਿਆ ਤੇ ਸੰਧੂਰ ਨਾਲ ਆਪਣੀ ਮਾਂਗ ਭਰ ਲਈ। ਹਰਿਆਲੇ ਕੱਪੜੇ ਪਹਿਨ ਕੇ ਤੂੰ ਖਲੋ ਗਈ ਏਂ। ਤੂੰ ਸਾਰੇ ਸੰਸਾਰ ਨੂੰ ਮੋਹ ਲਿਆ ਹੈ)।

ਬੁਦੇਲਖੰਡ ਲੋਕ ਗੀਤਾਂ ਵਿੱਚ ਧਰਤੀ ਮਾਤਾ ਨੂੰ ਵਾਰ-ਵਾਰ ਬੁਲਾਇਆ ਗਿਆ ਹੈ :

ਧਰਤੀ ਮਾਤਾ ਤੋਂ ਮੈਂ ਦੋ ਭਏ
ਏਕ ਆਂਧੀ ਏਕ ਮੇਯ
ਮੇਯ ਕੇ ਬਰਸੇ ਸਾਖਾ ਭਈ
ਜਾ ਮੈਂ ਲਿਪਟ ਲਗੇ ਸੰਸਾਰ।

(ਅਰਥਾਤ : ਹੇ ਧਰਤੀ ਮਾਤਾ! ਤੇਰੇ ਤੋਂ ਦੋ ਚੀਜਾਂ ਪੈਦਾ ਹੋਈਆਂ, ਇੱਕ ਹਨੇਰੀ, ਦੂਜਾ ਮੀਂਹ ਪੈਣ ਨਾਲ ਖੇਤੀ ਉਪਜਦੀ ਹੈ, ਜਿਸ ਵਿੱਚ ਸਮੁੱਚਾ ਸੰਸਾਰ ਲਿਪਟ ਜਾਂਦਾ ਹੈ)। ਇਸੇ ਤਰ੍ਹਾਂ ਇੱਕ ਗੁਜਰਾਤੀ ਲੋਕ ਗੀਤ ਵਿੱਚ ਵੀ ਇਸੇ ਤਰ੍ਹਾਂ ਦਾ ਨਕਸ਼ਾ ਖਿੱਚਿਆ ਗਿਆ ਹੈ।



ਇਹ ਵਿਆਹ ਦਾ ਗੀਤ ਹੈ, ਜੋ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ :

ਸੰਸਾਰ ਮਾਂ ਬਲ ਸਰਜਯਾਂ,
ਏਕ ਧਰਤੀ ਬੀਜੇ ਆਪ,
ਬਧਾਵੋ ਰੇ ਆਵਿਓ।

(ਅਰਥਾਤ : ਸੰਸਾਰ ਵਿੱਚ ਦੋ ਬਲਵਾਨ ਚੀਜਾਂ ਦੀ ਸਿਰਜਣਾ ਹੋਈ, ਇੱਕ ਧਰਤੀ, ਦੂਜਾ ਆਕਾਸ਼, ਵਧਾਈ ਦਾ ਦਿਨ ਆ ਗਿਆ ਹੈ।) ਇਸੇ ਗੀਤ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਆਕਾਸ਼ ਵਿੱਚੋਂ ਮੀਂਹ ਵਰਸਿਆ 'ਤੇ ਧਰਤੀ ਨੇ ਉਸ ਦਾ ਭਾਰ ਸਹਾਰ ਲਿਆ, ਜਿਸ ਨਾਲ ਫਸਲਾਂ ਲਹਿਲਹਾਉਣ ਲੱਗ ਪਈਆਂ ਹਨ। ਇਸੇ ਲਈ ਉਸ ਨੂੰ ਵਧਾਈ ਦਾ ਦਿਨ ਆਖਦੇ ਹਨ।

ਪੰਜਾਬੀ ਗੀਤਾਂ ਵਿੱਚੋਂ ਵੀ ਇਹੀ ਆਵਾਜ ਸੁਣਨ ਨੂੰ ਮਿਲਦੀ ਹੈ :

ਧਰਤੀ ਜੇਡ ਗਰੀਬ ਨਾ ਕੋਈ,
ਇੰਦਰ ਜੇਡ ਨਾ ਦਾਤਾ,
ਲਛਮਣ ਜੇਡ ਨਾ ਜਾਤੀ ਨਾ ਕੋਈ,
ਸੀਤਾ ਜੇਡ ਨਾ ਮਾਤਾ,
ਦੁਨੀਆ ਮਾਣ ਕਰੇ
ਰੱਬ ਸਭਨਾਂ ਦਾ ਦਾਤਾ।

(ਅਰਥਾਤ : ਧਰਤੀ ਵਰਗਾ ਗਰੀਬ ਨਹੀਂ, ਇੰਦਰ ਵਰਗਾ ਕੋਈ ਦਾਤਾ ਨਹੀਂ, ਸੀਤਾ ਵਰਗੀ ਕੋਈ ਮਾਤਾ ਨਹੀਂ। ਦੁਨੀਆ ਮੀਂਹ ਮੰਗਦੀ, ਭਗਵਾਨ ਸਭ ਦਾ ਦਾਤਾ ਹੈ।) ਜਦੋਂ ਮੀਂਹ ਨਹੀਂ ਵਰ੍ਹਦਾ ਤਾਂ ਲੋਕ ਗੀਤਾਂ ਵਿੱਚ ਕਾਲ ਦੀ ਤਸਵੀਰ ਸਾਹਮਣੇ ਆਉਂਦੀ ਹੈ। ਮੁੜ-ਮੁੜ ਇੰਦਰ ਦੇਵਤਾ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ। ਇੱਕ ਮੈਥਲੀ ਗੀਤ ਇਉਂ ਸ਼ੁਰੂ ਹੁੰਦਾ ਹੈ :

ਹਾਲੀ ਹੁਲੁ ਬਰਸੂ ਇਨਰ ਦੇਵਤਾ,
ਪਾਨੀ ਬਿਨੁ ਪੜਛਾਈ ਅਕਾਲੇ ਹੋ ਰਾਮ।

(ਅਰਥਾਤ : ਜਲਦੀ ਵਸੋ ਇੰਦਰ ਦੇਵਤਾ! ਪਾਣੀ ਬਿਨਾਂ ਕਾਲ ਪੈ ਰਿਹਾ ਹੈ, ਹੇ ਰਾਮਾ!)

ਸਾਡੇ ਦੇਸ਼ ਵਿੱਚ ਜਨਤਾ ਦਾ ਜੀਵਨ ਖੇਤੀ 'ਤੇ ਨਿਰਭਰ ਹੈ। ਇਸ ਲਈ ਬਾਰਸ਼ ਸਬੰਧੀ ਗੀਤਾਂ ਵਿੱਚ ਜਨਤਾ ਦੇ ਦਿਲਾਂ ਦੀ ਧੜਕਣ ਸੁਣਾਈ ਦਿੰਦੀ ਹੈ। ਜੀਵਨ ਦੀਆਂ ਖੁਸ਼ੀਆਂ ਤੇ ਉਮੰਗਾਂ ਉਛਲਦੀਆਂ ਹਨ। ਆਸਾਂ ਖਿੜਦੀਆਂ ਹਨ ਤੇ ਮਨੁੱਖ ਦੀਆਂ ਸੋਚ- ਉਡਾਰੀਆਂ ਨਵੇਂ ਰੂਪ ਢਾਲਦੀਆਂ ਹਨ। ਤਿਰਹੁਤ ਦੀ ਇਹ ਤਸਵੀਰ ਇਨ੍ਹਾਂ ਖੁਸ਼ੀਆਂ ਵੱਲ ਹੀ ਇਸ਼ਾਰਾ ਕਰਦੀ ਹੈ :

ਕੋਕਟੀ ਧੋਤੀ ਪਟੂਆ ਸਾਗ
ਤਿਰਹੁਤ ਗੀਤ ਬੜੇ ਅਨੁਰਾਗ,
ਭਾਵ ਸਰਲ ਤਨ ਤਰੁਣੀ ਰੂਪ
ਇਤਵੇ ਤਿਰਹੁਤ ਹੋਏਛ ਅਨੂਪ।

(ਅਰਥਾਤ : ਕੋਕਟੀ ਦੀ ਧੋਤੀ, ਪਟੂਆ ਦਾ ਸਾਗ, ਅਨੁਰਾਗ ਦੇ ਗੀਤ, ਰੂਪਮਤੀ ਮੁਟਿਆਰ ਦੀ ਭਾਵ ਭਰੀ ਸੁੰਦਰਤਾ, ਇਨ੍ਹਾਂ ਦੇ ਕਾਰਨ ਹੀ ਤਿਰਹੁਤ ਅਨੁਪਮ ਹੈ)।

ਰਾਜਸਥਾਨੀ ਲੋਕ ਗੀਤਾਂ ਵਿੱਚ ਵੀ, ਜਿੱਥੇ ਇੱਕ ਪਾਸੇ ਉਦੇਪੁਰ ਦੀ ਬਰਸਾਤ ਦੀ ਸਿਫਤ ਕੀਤੀ ਗਈ ਹੈ, ਉੱਥੇ ਦੂਜੇ ਪਾਸੇ ਉਦੇਪੁਰ ਦੇ ਪ੍ਰਸਿੱਧ ਪਿਛੋਲਾ ਸਰੋਵਰ 'ਤੇ ਪਾਣੀ ਭਰਦੀ ਪਨਹਾਰਨ ਦੇ ਰੂਪ ਦੀ ਝਲਕ ਨੂੰ ਵੀ ਭੁਲਾਇਆ ਨਹੀਂ ਗਿਆ। ਇਹ ਗੀਤ ਇੱਕ ਹੀ ਸ਼ਹਿਰ ਨਾਲ ਸਬੰਧ ਰੱਖਦਾ ਹੋਇਆ ਵੀ ਸਮੁੱਚੀ ਕੌਮ ਦੀ ਪ੍ਰਤੀਨਿਧਤਾ ਕਰਦਾ ਹੈ :

ਬਾਲੋ ਲਾਗੇ ਛੇ ਮਾਹਰੇ ਦੇਸੜੋ ਏ ਲੋ
ਕੇਮਕਰ ਜਾਬੂੰ ਪ੍ਰਦੇਸ਼ ਬਾਲਾ ਜੀ!
ਉੱਚਾ-ਉੱਚਾ ਰਾਣੇ ਜੀ ਰਾ ਗੋਖੜਾ ਏ ਲੋ,
ਨੀਚੇ ਮਾਹਰੇ ਪੀਛੋਲੇ ਕੀ ਪਾਲ ਬਾਲਾ ਜੀ!
ਬਦਲ ਛਾਇਆ ਦੇਸ਼ ਮੇਂ, ਹੇ ਲੋ,
ਨਦੀਆਂ ਨੀਰ ਹਿਲੋ ਹਿਲ ਰੇ ਬਾਦਲ ਚਮਕੇ ਬਿਜਲੀ,
ਚਮਕ-ਚਮਕ ਝਾੜ ਲਾਏ,
ਸਰਵਰ ਪਾਣੀ ਡੇ, ਮੈਂ ਗਈ ਏ ਲੋ,
ਭੀਜੇ ਮਾਹਰੀ ਸਾਲੂੜੇ ਰੀ ਕੋਰ ਬਾਲਾ ਜੀ,
ਬਾਲੋ ਲਾਗੇ ਛੇ ਮਾਹਰੇ ਦੇਸੜੋ ਏ ਲੋ,
ਕੇਮਕਰ ਜਾਬੂੰ ਪ੍ਰਦੇਸ਼ ਬਾਲਾ ਜੀ!

(ਅਰਥਾਤ : ਮੈਨੂੰ ਮੇਰਾ ਦੇਸ਼ ਪਿਆਰਾ ਲੱਗਦਾ ਹੈ। ਹੇ ਪ੍ਰੀਤਮਾ! ਮੈਂ ਪ੍ਰਦੇਸ਼ ਕਿਵੇਂ ਜਾਵਾਂ? ਉੱਚੇ-ਉੱਚੇ ਰਾਣਾ ਜੀ ਦੇ ਝਰੋਖੇ ਹਨ। ਹੇ ਪ੍ਰੀਤਮਾ, ਨੀਵੀਂ ਹੈ ਮੇਰੇ ਪਿਛੋਰੇ ਦੀ ਪਾਲ। ਦੇਸ਼ ਵਿੱਚ ਬੱਦਲ ਛਾ ਗਏ ਹਨ, ਨਦੀਆਂ ਵਿੱਚ ਪਾਣੀ ਹੁਲਾਰੇ ਮਾਰ ਰਿਹਾ ਹੈ, ਬੱਦਲਾਂ ਵਿੱਚ ਬਿਜਲੀ ਚਮਕਦੀ ਹੈ, ਚਮਕ-ਚਮਕ ਕੇ ਝੜੀ ਲਾ ਦਿੰਦੀ ਹੈ। ਮੈਂ ਸਰੋਵਰ 'ਤੇ ਪਾਣੀ ਲੈਣ ਲਈ ਗਈ। ਹੇ ਪ੍ਰੀਤਮ! ਮੇਰੇ ਸਾਲੂ ਦੀ ਕੰਨੀ ਭਿੱਜ ਰਹੀ ਹੈ। ਇਸ ਕਰਕੇ ਮੈਨੂੰ ਮੇਰਾ ਦੇਸ਼ ਪਿਆਰਾ ਲੱਗਦਾ ਹੈ। ਹੇ ਪ੍ਰੀਤਮ! ਮੈਂ ਪ੍ਰਦੇਸ਼ ਕਿਵੇਂ ਜਾਵਾਂ?) ਲੋਕ ਗੀਤ ਦੀ ਸ਼ਕਤੀ ਉਸ ਦੀ ਸਾਦਗੀ ਵਿੱਚ ਹੈ। ਇਸੇ ਸਾਦਗੀ ਕਾਰਨ ਲੋਕ ਗੀਤ ਕਦੇ ਪੁਰਾਣਾ ਨਹੀਂ ਹੁੰਦਾ। ਜਿੱਥੇ ਇਸ ਵਿੱਚ ਪਿਛਲੀਆਂ ਪੀੜ੍ਹੀਆਂ ਦੀ ਆਵਾਜ ਸਾਡੇ ਤੱਕ ਪਹੁੰਚਦੀ ਹੈ, ਉੱਥੇ ਇਸ ਵਿੱਚ ਏਨੀ ਲੋਚ ਰਹਿੰਦੀ ਹੈ ਕਿ ਇਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਵੀ ਝੱਟ ਅਪਨਾ ਲੈਂਦੀਆਂ ਹਨ।

ਭਾਰਤੀ ਲੋਕ ਗੀਤਾਂ ਵਿੱਚ ਜਿੱਥੇ ਕੁਦਰਤ ਅੱਗੇ ਸੌ - ਸੌ ਅਰਦਾਸਾਂ ਕੀਤੀਆਂ ਗਈਆਂ ਹਨ, ਉੱਥੇ ਮਨੁੱਖ ਦਾ ਇਹ ਵਿਸ਼ਵਾਸ ਵੀ ਉੱਭਰਦਾ ਹੈ ਕਿ ਉਹ ਔਕੜਾਂ ਤੋਂ ਘਬਰਾ ਕੇ ਹਾਰ ਨਹੀਂ ਮੰਨਦਾ। ਲੋਕ ਗੀਤਾਂ ਵਿੱਚ ਜੀਵਨ ਦੀਆਂ ਖੁਸ਼ੀਆਂ ਤੇ ਉਮੰਗਾਂ ਉਛਲਦੀਆਂ ਹਨ। ਆਸਾਂ ਖਿੜਦੀਆਂ ਹਨ ਅਤੇ ਮਨੁੱਖ ਦੀਆਂ ਸੋਚਾਂ/ਉਡਾਰੀਆਂ ਨਵੇਂ ਰੂਪ ਢਾਲਦੀਆਂ ਹਨ। ਜਦੋਂ ਫਸਲਾਂ ਪੱਕਦੀਆਂ ਹਨ ਤੇ ਨਵੇਂ ਅਨਾਜ ਦੇ ਸੁਨਹਿਰੀ ਸਿੱਟੇ ਲੋਕਾਂ ਨੂੰ ਗੁਦਗੁਦਾਉਂਦੇ ਹਨ ਤਦ ਪਿੰਡ ਦੀ ਸੁੱਤੀ ਹੋਈ ਆਤਮਾ ਇਕਦਮ ਜਾਗ ਉੱਠਦੀ ਹੈ। ਇਸ ਖੁਸ਼ੀ ਵਿੱਚ ਵੰਨ-ਸੁਵੰਨੇ ਨਾਚ ਹੁੰਦੇ ਹਨ। ਹਰ ਨਾਚ ਵਿੱਚ ਨਵੇਂ ਪੁਰਾਣੇ ਗੀਤਾਂ ਦੀ ਪਰਖ ਹੁੰਦੀ ਹੈ। ਬਹੁਤ ਸਾਰੇ ਨਵੇਂ ਗੀਤ, ਜਿਨ੍ਹਾਂ ਵਿੱਚ ਇੰਨਾ ਦਮ ਨਹੀਂ ਹੁੰਦਾ ਕਿ ਸਮੇਂ ਦੇ ਪਰਵਾਹ ਅੱਗੇ ਟਿਕ ਸਕਣ, ਪਿੱਛੇ ਰਹਿ ਜਾਂਦੇ ਹਨ, ਪਰ ਕੁਝ ਨਵੇਂ ਗੀਤ ਇੰਨੇ ਜੋਰਦਾਰ ਹੁੰਦੇ ਹਨ ਕਿ ਉਨ੍ਹਾਂ ਨੂੰ ਕੋਈ ਤਾਕਤ ਦਬਾਅ ਨਹੀਂ ਸਕਦੀ। ਸਾਡੀ ਕੌਮੀ ਆਜਾਦੀ ਦੀ ਲੜਾਈ ਅਤੇ ਜਨਤਾ ਦੇ ਅੰਦੋਲਨਾਂ ਨਾਲ ਸਬੰਧ ਰੱਖਣ ਵਾਲੇ ਬਹੁਤ ਸਾਰੇ ਲੋਕ ਗੀਤ ਦੇਸ਼ ਦੇ ਵੱਖ- ਵੱਖ ਖੇਤਰਾਂ ਵਿੱਚ ਲੋਕਾਂ ਦੇ ਜੀਵਨ ਵਿੱਚ ਰਚ ਗਏ ਹਨ। ਇਸੇ ਵਿਸ਼ੇਸ਼ਤਾ ਕਾਰਨ ਲੋਕ ਗੀਤਾਂ ਵਿੱਚ ਕਦੇ ਪਰੰਪਰਾ ਦੀ ਝਾਕੀ ਮਿਲਦੀ ਹੈ ਤੇ ਉਹ ਧਰਤੀ ਮਾਤਾ ਨਾਲ ਪਿਆਰ ਦਰਸਾਉਂਦੇ ਹਨ ਤੇ ਕਦੇ ਜੀਵਨ ਦੇ ਉਤਰਾਅ-ਚੜ੍ਹਾਅ ਦਾ ਨਕਸ਼ਾ ਸਾਹਮਣੇ ਆਉਂਦਾ ਹੈ।

-ਸੁਖਮੰਦਰ ਸਿੰਘ ਤੂਰ

# ਭਾਰਤੀਆਂ ਦੀ ਇੱਕਜੁਟਤਾ ਹੀ ਸਭ ਤੋਂ ਵੱਡੀ ਤਾਕਤ : ਹਰਚੰਦ ਬਰਸਟ

## ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਲੋਕਾਂ ਨੂੰ ਫੌਜ ਅਤੇ ਸਰਕਾਰ ਦਾ ਸਾਥ ਦੇਣ ਦੀ ਕੀਤੀ ਅਪੀਲ



ਚੰਡੀਗੜ੍ਹ, 9 ਮਈ (ਪੱਤਰ ਪ੍ਰੇਰਕ)-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਸਾਰੇ ਭਾਰਤ ਵਾਸੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਕਿਉਂਕਿ ਜੋ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਨਾਲ ਤਣਾਅ ਵਾਲੇ ਹਾਲਾਤ ਬਣੇ ਹੋਏ ਹਨ, ਉਨ੍ਹਾਂ ਨੂੰ ਮੁੱਖ ਰੱਖ ਕੇ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਪੂਰੀ ਤਰ੍ਹਾਂ ਸੁਚੇਤ ਰਹੇ ਅਤੇ ਆਪਣੇ ਪਰਿਵਾਰ ਤੇ ਆਸ-ਪਾਸ ਵਾਲਿਆਂ ਦਾ ਵੀ ਧਿਆਨ ਰੱਖੇ। ਉਨ੍ਹਾਂ ਕਿਹਾ ਕਿ ਮੌਜੂਦਾ ਸਥਿਤੀਆਂ ਵਿੱਚ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਸਰਕਾਰ ਅਤੇ ਪ੍ਰਸ਼ਾਸਨ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜੋ ਬਹੁਤ ਹੀ ਸ਼ਲਾਘਾਯੋਗ ਕਦਮ ਹੈ।ਜੇ ਕਿਸੇ ਨੂੰ ਕੋਈ ਦਿੱਕਤ ਪੇਸ਼ ਆਉਂਦੀਹੈ ਤਾਂ ਉਹ ਤੁਰੰਤ ਕੰਟਰੂਮ ਰੂਮ ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕ ਸੁਚੇਤ ਰਹਿੰਦਿਆਂ ਹੋਇਆ ਆਪਣੇ ਆਲੇ-ਦੁਆਲੇ ਧਿਆਨ ਰੱਖਣ ਅਤੇ ਜੇਕਰ ਕੋਈ ਸ਼ਕੀ ਵਿਅਕਤੀ ਜਾ ਸ਼ਕੀ ਵਸਤੂ ਨਜ਼ਰ ਆਉਂਦੀਹੈ ਤਾਂ ਉਸ ਬਾਰੇ ਤੁਰੰਤ ਪ੍ਰਸ਼ਾਸਨ ਨੂੰ ਜਾਣਕਾਰੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਨਾਗਰਿਕਾਂ ਦੀ ਸੁਰੱਖਿਆਂ ਅਤੇ ਭਲਾਈ ਨੂੰ ਯਕੀਨੀ ਬਣਾਉਣ ਲਈ ਸਾਰੇ ਜਰੂਰੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਵੱਲ ਧਿਆਨ ਨਾ ਦੇਣ ਅਤੇ ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਸ਼ੰਕਾ ਹੋਵੇ ਤਾਂ ਤੁਰੰਤ ਪ੍ਰਸ਼ਾਸਨ ਨਾਲ ਸੰਪਕਤ ਕੀਤਾ ਜਾਵੇ। ਉਨ੍ਹਾਂ ਸਾਰੇ ਲੋਕਾਂ ਨੂੰ ਸ਼ਾਂਤ ਰਹਿਣ, ਅਫਵਾਹਾਂ ਅਤੇ ਪ੍ਰਤੀਕਿਰਿਆ ਕਰਨ ਤੋਂ ਬਚਣ ਲਈ ਉਤਸਾਹਿਤ ਕੀਤਾ ਅਤੇ ਸਾਰੇ ਲੋਕਾਂ ਨੂੰ ਫੌਜ ਅਤੇ ਸਰਕਾਰ ਦਾ ਪੂਰਾ ਸਾਥ ਦੇਣ ਦੀ ਅਪੀਲ ਵੀ ਕੀਤੀ। ਬਰਸਟ ਨੇ ਕਿਹਾ ਕਿ ਇੱਕਜੁਟਤਾ ਵਿੱਚ ਬਹੁਤ ਤਾਕਤ ਹੁੰਦੀ ਹੈ ਅਤੇ ਸਾਡੀ ਭਾਰਤੀਆਂ ਦੀ ਇੱਕਜੁਟਤਾ ਹੀ ਸਾਡੀ ਸਭ ਵੱਡੀ ਤਾਕਤ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਜੋ ਵੀ ਗਾਇਡ ਲਾਇਨ ਜਾਰੀ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕੀਤੀ ਜਾਵੇ ਅਤੇ ਆਪਣੇ ਆਲੇ-ਦੁਆਲੇ ਵਾਲਿਆਂ ਨੂੰ ਵੀ ਇਸ ਸਬੰਧੀ ਜਾਗਰੂਕ ਕੀਤਾ ਜਾਵੇ।

# ਈ.ਟੀ.ਓ. ਵੱਲੋਂ ਅੰਮ੍ਰਿਤਸਰ ਦੇ ਬਿਜਲੀ ਬੁਨਿਆਦੀ ਢਾਂਚੇ ਵਿੱਚ ਪ੍ਰਮੁੱਖ ਪ੍ਰਾਪਤੀਆਂ ਦਾ ਐਲਾਨ



ਚੰਡੀਗੜ੍ਹ, 9 ਮਈ (ਪੱਤਰ ਪ੍ਰੇਰਕ)- ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਵਿੱਤੀ ਸਾਲ 2024-25 ਲਈ ਰੀਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ (ਆਰ.ਡੀ.ਐਸ.ਐਸ.) ਤਹਿਤ ਅੰਮ੍ਰਿਤਸਰ ਦੇ ਬਿਜਲੀ ਡਿਸਟ੍ਰੀਬਿਊਸ਼ਨ ਨੈੱਟਵਰਕ ਦੇ ਆਧੁਨਿਕੀਕਰਨ ਸਬੰਧੀ ਪ੍ਰਗਤੀ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਇੱਕ ਪ੍ਰਮੁੱਖ ਧਾਰਮਿਕ, ਸੱਭਿਆਚਾਰਕ ਅਤੇ ਆਰਥਿਕ ਕੇਂਦਰ ਵਜੋਂ ਉਭਰ ਰਿਹਾ ਹੈ ਜਿਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਨੁਕਸਾਨ ਨੂੰ ਘਟਾਉਣ, ਕੁਸ਼ਲਤਾ ਵਧਾਉਣ ਅਤੇ ਨਿਵਾਸੀਆਂ ਤੇ ਕਾਰੋਬਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਇਸਦੇ ਪੁਰਾਣੇ ਬਿਜਲੀ ਢਾਂਚੇ ਨੂੰ ਅਪਗ੍ਰੇਡ ਕਰਨ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਵੋਲਟੇਜ ਦੀ ਸਥਿਰਤਾ, ਤਕਨੀਕੀ ਅਤੇ ਵਪਾਰਕ ਨੁਕਸਾਨਾਂ ਨੂੰ ਘਟਾਉਣ ਅਤੇ ਭਵਿੱਖ ਵਿੱਚ ਗਰਿੱਡ ਨੂੰ ਸੁਰੱਖਿਅਤ ਬਣਾਉਣ ਲਈ ਸਮਾਰਟ ਤਕਨਾਲੋਜੀਆਂ ਨੂੰ ਅਪਣਾਉਣ ਵਰਗੇ ਮਹੱਤਵਪੂਰਨ ਖੇਤਰਾਂ 'ਤੇ ਕੇਂਦ੍ਰਿਤ ਹੈ। ਇਸ ਪਹਿਲਕਦਮੀ ਵਿੱਚ ਬਿਜਲੀ ਟ੍ਰਾਂਸਫਾਰਮਰਾਂ ਦਾ ਵਿਸਥਾਰ, ਪੁਰਾਣੇ ਕੰਡਕਟਰਾਂ ਨੂੰ ਹਾਈ-ਟੈਂਪਰੇਚਰ ਲੋ-ਸੈਗ (ਐਚ.ਟੀ.ਐਲ.ਐਸ.) ਕੇਬਲਾਂ ਨਾਲ ਬਦਲਣਾ, ਐਡਵਾਂਸਡ ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰ ਲਗਾਉਣਾ ਅਤੇ ਚੋਰੀ ਵਾਲੇ ਅਤੇ ਪੁਰਾਣੇ ਸੰਵੇਦਨਸ਼ੀਲ ਖੇਤਰਾਂ ਵਿੱਚ ਭੂਮੀਗਤ ਕੇਬਲਿੰਗ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਸੰਚਾਲਨ ਸਬੰਧੀ ਪਾਰਦਰਸ਼ਤਾ ਅਤੇ ਖਪਤਕਾਰਾਂ ਨੂੰ ਬਿਹਤਰ ਢੰਗ ਨਾਲ ਸੇਵਾ ਪ੍ਰਦਾਨ ਕਰਨ ਲਈ ਸਮਾਰਟ ਮੀਟਰਾਂ, ਐਸ.ਸੀ.ਏ.ਡੀ.ਏ. ਪ੍ਰਣਾਲੀਆਂ ਅਤੇ ਜੀ.ਆਈ.ਐਸ. -ਅਧਾਰਤ ਨਿਗਰਾਨ ਵਿਧੀਆਂ ਸਥਾਪਤ ਕਰਨ ਵਿੱਚ ਤੇਜ਼ੀ ਲਿਆਂਦੀ ਗਈ ਹੈ। ਪ੍ਰਾਜੈਕਟ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ, ਸ. ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਪੰਜ 12.5 ਐਮ.ਵੀ.ਏ. ਸਮਰੱਥਾ ਵਾਲੇ ਬਿਜਲੀ ਟ੍ਰਾਂਸਫਾਰਮਰਾਂ ਨੂੰ 20 ਐਮ.ਵੀ.ਏ. ਤੱਕ ਅੱਪਗ੍ਰੇਡ ਕੀਤਾ ਗਿਆ ਹੈ, ਜਦੋਂ ਕਿ ਚਾਰ 20 ਐਮ.ਵੀ.ਏ. ਯੂਨਿਟਾਂ ਨੂੰ 31.5 ਐਮ.ਵੀ.ਏ. ਤੱਕ ਅੱਪਗ੍ਰੇਡ ਕੀਤਾ ਗਿਆ ਹੈ। ਇਸੇ ਤਰ੍ਹਾਂ, ਗਰਿੱਡ ਦੀ ਸਮਰੱਥਾ ਨੂੰ ਵਧਾਉਣ ਲਈ ਪੰਜ ਨਵੇਂ 100 ਐਮ.ਵੀ.ਏ. ਟ੍ਰਾਂਸਫਾਰਮਰ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ 5,200 ਨਵੇਂ ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰ ਲਗਾਉਣ ਅਤੇ 4,060 ਓਵਰਲੋਡ ਯੂਨਿਟਾਂ ਨੂੰ ਬਦਲਣ ਦੇ ਨਾਲ-ਨਾਲ 508 ਕਿਲੋਮੀਟਰ ਤੋਂ ਵੱਧ ਹਾਈ-ਟੈਂਸ਼ਨ (ਐਚ.ਟੀ.) ਲਾਈਨਾਂ ਅਤੇ 299 ਕਿਲੋਮੀਟਰ ਲੋ-ਟੈਂਸ਼ਨ (ਐਲ.ਟੀ.) ਲਾਈਨਾਂ ਨੂੰ ਅੱਪਗ੍ਰੇਡ ਕੀਤਾ ਗਿਆ।ਲੋਡ ਪ੍ਰਬੰਧਨ ਨੂੰ ਅਨੁਕੂਲ ਬਣਾਉਣ ਲਈ, 60 ਫੀਡਰਾਂ ਨੂੰ ਵੰਡਿਆ ਗਿਆ ਹੈ ਅਤੇ ਬਿਜਲੀ ਦੀ ਵੱਧ ਚੋਰੀ ਵਾਲੇ ਖੇਤਰਾਂ ਵਿੱਚ ਏਰੀਅਲ ਬੰਚਡ ਕੇਬਲ (ਏ.ਬੀ.ਸੀ.) ਲਗਾਈਆਂ ਗਈਆਂ ਹਨ, ਜਿਸ ਨਾਲ ਐਗਰੀਗੇਟ ਟੈਕਨੀਕਲ ਅਤੇ ਕਮਰਸ਼ੀਅਲ (ਏ.ਟੀ. ਐਂਡ ਸੀ) ਨੁਕਸਾਨਾਂ ਵਿੱਚ 2 ਫ਼ੀਸਦੀ ਦੀ ਕਮੀ ਆਈ।ਕੈਬਨਿਟ ਮੰਤਰੀ ਨੇ ਕਿਹਾ, ਕੇਂਦਰੀ ਅੰਮ੍ਰਿਤਸਰ ਵਿੱਚ ਐਸ.ਸੀ.ਏ.ਡੀ.ਏ. ਪ੍ਰਣਾਲੀਆਂ ਦੇ ਏਕੀਕਰਨ ਅਤੇ ਜੀ.ਆਈ.ਐਸ. -ਅਧਾਰਤ ਐਸਟ ਮੈਪਿੰਗ, ਜੋ ਕਿ ਸ਼ਹਿਰ ਦੇ 70 ਫ਼ੀਸਦੀ ਨੈੱਟਵਰਕ ਨੂੰ ਕਵਰ ਕਰਦੀ ਹੈ, ਨੇ ਅਸਲ-ਸਮੇਂ ਦੀ ਨਿਗਰਾਨੀ ਅਤੇ ਨੁਕਸ ਦਾ ਪਤਾ ਲਗਾਉਣ ਵਿੱਚ ਕ੍ਰਾਂਤੀ ਲਿਆਂਦੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰੀ ਕਲੱਸਟਰਾਂ ਵਿੱਚ 2,12,900 ਸਮਾਰਟ ਮੀਟਰ ਲਗਾਉਣ ਨਾਲ ਬਿਲਿੰਗ ਸਬੰਧੀ ਸਟੀਕਤਾ ਅਤੇ ਖਪਤਕਾਰਾਂ ਦੀ ਸੰਤੁਸ਼ਟੀ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਉਪਾਵਾਂ ਦੇ ਠੋਸ ਨਤੀਜੇ ਸਾਹਮਣੇ ਆਏ ਹਨ ਜਿਸ ਵਿੱਚ ਵੋਲਟੇਜ ਨਾਲ ਸਬੰਧਤ ਸ਼ਿਕਾਇਤਾਂ ਵਿੱਚ ਕਾਫ਼ੀ ਗਿਰਾਵਟ ਆਈ ਹੈ, ਸਿਸਟਮ ਦੀ ਉਪਲਬਧਤਾ 93.73 ਫ਼ੀਸਦ ਤੋਂ ਵੱਧ ਕੇ 97.25 ਫ਼ੀਸਦ ਹੋ ਗਈ ਹੈ ਅਤੇ ਬਿਲਿੰਗ ਕੁਸ਼ਲਤਾ ਵਿੱਚ 5 ਫ਼ੀਸਦ ਦਾ ਸੁਧਾਰ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਖਪਤਕਾਰਾਂ ਦੀਆਂ ਸ਼ਿਕਾਇਤਾਂ ਅਤੇ ਸੁਰੱਖਿਆ ਸਬੰਧੀ ਘਟਨਾਵਾਂ ਵਿੱਚ ਆਈ ਕਮੀ ਇਸ ਪ੍ਰਾਜੈਕਟ ਦੀ ਸਫਲਤਾ ਨੂੰ ਦਰਸਾਉਂਦੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਵਿੱਤੀ ਸਾਲ 2024-25 ਲਈ ਕੁੱਲ ਖਰਚ 283.05 ਕਰੋੜ ਰੁਪਏ ਸੀ ਅਤੇ 2025 ਅਤੇ 2027 ਦੌਰਾਨ ਆਉਣ ਵਾਲੇ ਪ੍ਰੋਜੈਕਟਾਂ ਲਈ ਵਾਧੂ 897.4 ਕਰੋੜ ਰੁਪਏ ਰੱਖੇ ਗਏ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਨਿਵੇਸ਼ ਦੇ 2.5 ਸਾਲਾਂ ਅੰਦਰ ਸਮਾਪਤ ਹੋਣ ਦਾ ਅਨੁਮਾਨ ਹੈ। ਬਿਜਲੀ ਮੰਤਰੀ ਨੇ ਦੱਸਿਆ ਕਿ 2025-26 ਅਤੇ 2026-27 ਲਈ ਆਰ.ਡੀ.ਐਸ.ਐਸ. ਅਧੀਨ 600 ਕਰੋੜ ਰੁਪਏ ਦਾ ਬਜਟ ਮਨਜ਼ੂਰ ਕੀਤਾ ਗਿਆ ਹੈ। ਇਸ ਵਿੱਚ 22 ਨਵੇਂ ਬਿਜਲੀ ਟ੍ਰਾਂਸਫਾਰਮਰਾਂ ਲਈ 69 ਕਰੋੜ ਰੁਪਏ, 8 ਸਬ-ਸਟੇਸ਼ਨਾਂ ਲਈ 90.05 ਕਰੋੜ ਰੁਪਏ, 221 ਫੀਡਰਾਂ ਦੀ ਵੰਡ ਅਤੇ ਨਵੀਨੀਕਰਨ ਲਈ 103.63 ਕਰੋੜ ਰੁਪਏ ਅਤੇ 2,134 ਵਾਧੂ ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰਾਂ ਲਈ 73.02 ਕਰੋੜ ਰੁਪਏ ਸ਼ਾਮਲ ਹਨ। ਕੈਬਨਿਟ ਮੰਤਰੀ ਨੇ ਰਸਤੇ ਦੇ ਹੱਕ ਸਬੰਧੀ ਵਿਵਾਦਾਂ, ਮਾਨਸੂਨ ਦੌਰਾਨ ਮੁਸ਼ਕਲਾਂ, ਜਨਤਕ ਵਿਰੋਧ ਅਤੇ ਸਟਾਫ਼ ਦੀ ਘਾਟ ਵਰਗੀਆਂ ਚੁਣੌਤੀਆਂ 'ਤੇ ਚਾਨਣਾ ਪਾਉਂਦਿਆਂ,ਇਨ੍ਹਾਂ ਰੁਕਾਵਟਾਂ ਨੂੰ ਹੱਲ ਕਰਨ ਲਈ ਮਾਨ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਅਤੇ ਭੂਮੀਗਤ ਕੇਬਲਿੰਗ, ਵਿਆਪਕ ਪੱਧਰ 'ਤੇ ਸਮਾਰਟ ਮੀਟਰ ਲਗਾਉਣ, ਰੈਪਿਡ-ਰਿਸਪਾਂਸ ਮੈਂਨਟੇਨੈਂਸ ਦਸਤੇ, ਭਾਈਚਾਰਕ ਜਾਗਰੂਕਤਾ ਮੁਹਿੰਮਾਂ ਅਤੇ ਕਰਮਚਾਰੀਆਂ ਦੇ ਹੁਨਰ ਨੂੰ ਨਿਖਾਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸ. ਹਰਭਜਨ ਸਿੰਘ ਈਟੀਓ ਨੇ ਕਿਹਾ, 'ਇੰਟੀਗ੍ਰੇਟਿਡ ਡਿਜੀਟਲ ਡੈਸ਼ਬੋਰਡ ਸਾਰੇ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰੇਗਾ ਜਿਸ ਨਾਲ ਨਿਰਵਿਘਨ ਤਾਲਮੇਲ ਅਤੇ ਡੇਟਾ-ਅਧਾਰਤ ਫੈਸਲੇ ਲੈਣ ਨੂੰ ਯਕੀਨੀ ਬਣਾਇਆ ਜਾ ਸਕੇਗਾ।' ਉਨ੍ਹਾਂ ਅੱਗੇ ਕਿਹਾ ਕਿ ਇਹ ਕਦਮ ਨਾ ਸਿਰਫ਼ ਬਿਜਲੀ ਸਬੰਧੀ ਅੰਮ੍ਰਿਤਸਰ ਦੀਆਂ ਵਧਦੀਆਂ ਮੰਗਾਂ ਦੀ ਪੂਰਤੀ ਕਰਨਗੇ ਬਲਕਿ ਆਉਣ ਵਾਲੇ ਸਾਲਾਂ ਲਈ ਇੱਕ ਭਰੋਸੇਮੰਦ, ਸੁਰੱਖਿਅਤ ਅਤੇ ਉਪਭੋਗਤਾ-ਪੱਖੀ ਪਾਵਰ ਈਕੋਸਿਸਟਮ ਯਕੀਨੀ ਬਣਾਉਣਗੇ।'

# ਭਾਰਤ-ਪਾਕਿਸਤਾਨ ਤਣਾਅ ਦੇ ਚਲਦਿਆਂ ਪੰਜਾਬ ਸਰਕਾਰ ਹਾਈ ਅਲਰਟ 'ਤੇ: ਸਟਾਫ਼ ਦੀਆਂ ਛੁੱਟੀਆਂ ਰੱਦ, ਫਾਇਰ ਬ੍ਰਿਗੇਡ ਅਤੇ ਐਮਰਜੈਂਸੀ ਸੇਵਾਵਾਂ ਪੂਰੀ ਤਰ੍ਹਾਂ ਮੁਸਤੈਦ



ਚੰਡੀਗੜ੍ਹ, 9 ਮਈ (ਪੱਤਰ ਪ੍ਰੇਰਕ)- ਭਾਰਤ ਅਤੇ ਪਾਕਿਸਤਾਨ ਦਰਮਿਆਨ ਮੌਜੂਦਾ ਤਣਾਅ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਸੂਬੇ ਦੀਆਂ ਅੱਗ ਬੁਝਾਊ ਅਤੇ ਐਮਰਜੈਂਸੀ ਸੇਵਾਵਾਂ ਨੂੰ ਤਿਆਰ-ਬਰ-ਤਿਆਰ ਰੱਖਣ ਲਈ ਫੌਰੀ ਕਦਮ ਚੁੱਕੇ ਹਨ। ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸਖ਼ਤ ਨਿਰਦੇਸ਼ ਜਾਰੀ ਕਰਦਿਆਂ ਫਾਇਰ ਬ੍ਰਿਗੇਡ ਸਟਾਫ ਦੀਆਂ ਸਾਰੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ ਅਤੇ ਪੰਜਾਬ ਭਰ ਵਿੱਚ ਸੰਵੇਦਨਸ਼ੀਲ ਥਾਵਾਂ 'ਤੇ ਉਨ੍ਹਾਂ ਨੂੰ 24 ਘੰਟੇ ਤਾਇਨਾਤ ਰਹਿਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਜੰਗ ਇੱਕ ਵੱਡੀ ਐਮਰਜੈਂਸੀ ਹੈ ਅਤੇ ਫਾਇਰ ਬ੍ਰਿਗੇਡ ਅਜਿਹੀਆਂ ਸਥਿਤੀਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਹੈ। ਉਨ੍ਹਾਂ ਅਧਿਕਾਰੀਆਂ ਨੂੰ ਮੌਕ ਡ੍ਰਿਲ ਕਰਨ, ਇਹ ਯਕੀਨੀ ਬਣਾਉਣ ਕਿ ਸਾਰੇ ਉਪਕਰਣ ਪੂਰੀ ਤਰ੍ਹਾਂ ਕੰਮ ਕਰ ਰਹੇ ਹਨ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੇਜ਼ ਪ੍ਰਤੀਕਿਰਿਆ ਲਈ ਫੌਜ ਦੇ ਅਧਿਕਾਰੀਆਂ ਨਾਲ ਨਿਰੰਤਰ ਸੰਚਾਰ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਅਧਿਕਾਰੀਆਂ ਨੂੰ ਹਰ ਸਮੇਂ ਆਪਣੇ ਮੋਬਾਈਲ ਫੋਨ ਚਲਦੇ ਰੱਖਣਾ ਯਕੀਨੀ ਬਣਾਉਂਦਿਆਂਹਾਈ ਅਲਰਟ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਹੰਗਾਮੀ ਹਾਲਾਤਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਸਰਕਾਰ ਵੱਲੋਂ ਸਾਰੇ ਲੋੜੀਂਦੇ ਸਰੋਤ ਜੁਟਾਏ ਗਏ ਹਨ। ਤੇਜ਼ੀ ਨਾਲ ਪ੍ਰਤੀਕਿਰਿਆ (ਰਿਸਪਾਂਸ) ਨੂੰ ਯਕੀਨੀ ਬਣਾਉਣ ਲਈ ਕੈਬਨਿਟ ਮੰਤਰੀ ਨੇ ਫਾਇਰ ਬ੍ਰਿਗੇਡ ਅਧਿਕਾਰੀਆਂ ਨੂੰ ਡਿਪਟੀ ਕਮਿਸ਼ਨਰਾਂ ਨਾਲ ਨੇੜਿਓਂ ਤਾਲਮੇਲ ਕਰਕੇ ਸੰਵੇਦਨਸ਼ੀਲ ਸਥਾਨਾਂ 'ਤੇ ਰਣਨੀਤਕ ਤੌਰ 'ਤੇ ਫਾਇਰ ਟੈਂਡਰ ( ਅੱਗ-ਬੁਝਾਊ ਜਾਂ ਐਮਰਜੈਂਸੀ ਵਹੀਕਲ) ਤਾਇਨਾਤ ਕਰਨ ਲਈ ਕਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਤਿਆਰੀਆਂ ਦੀ ਸਮੀਖਿਆ ਲਈ ਨਿਯਮਤ ਮੀਟਿੰਗਾਂ ਕਰਨ ਦੇ ਨਾਲ-ਨਾਲ ਫੌਰੀ ਢੰਗ ਨਾਲ ਸਾਰੇ ਜ਼ਰੂਰੀ ਪ੍ਰਬੰਧ ਮੁਕੰਮਲ ਕੀਤੇ ਜਾਣ। ਡਾ. ਸਿੰਘ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਥਿਤੀ ਕਾਬੂ ਹੇਠ ਹੈ ਅਤੇ ਨਾਗਰਿਕਾਂ ਨੂੰ ਨਾ ਘਬਰਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਰਾਹਤ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਕੌਮੀ ਆਫ਼ਤ ਪ੍ਰਤੀਕਿਰਿਆ ਬਲ (ਐਨ.ਡੀ.ਆਰ.ਐਫ.) ਦੇ ਮੈਨੂਅਲ ਨੂੰ ਪੜ੍ਹਨ ਦੇ ਨਿਰਦੇਸ਼ ਵੀ ਦਿੱਤੇ। ਇਸ ਤੋਂ ਇਲਾਵਾ ਲੋੜ ਪੈਣ 'ਤੇ ਰਾਤ ਦੇ ਸਮੇਂ ਐਮਰਜੈਂਸੀ ਰੱਖ-ਰਖਾਅ ਸੇਵਾਵਾਂ ਪ੍ਰਦਾਨ ਕਰਨ ਲਈ ਸਥਾਨਕ ਵਾਹਨ ਮੁਰੰਮਤ ਵਰਕਸ਼ਾਪਾਂ ਦੀਆਂ ਸੇਵਾਵਾਂ ਵੀ ਲਈਆਂ ਜਾਣਗੀਆਂ। ਡਾ. ਰਵਜੋਤ ਸਿੰਘ ਨੇ ਐਲਾਨ ਕੀਤਾ ਕਿ ਕੈਬਨਿਟ ਮੰਤਰੀ ਤਿਆਰੀ ਦਾ ਮੁਲਾਂਕਣ ਕਰਨ ਲਈ ਹਸਪਤਾਲਾਂ ਅਤੇ ਫਾਇਰ ਬ੍ਰਿਗੇਡ ਸਹੂਲਤਾਂ ਦਾ ਨਿੱਜੀ ਤੌਰ 'ਤੇ ਨਿਰੀਖਣ ਕਰਨਗੇ। ਵਧੀਕ ਮੁੱਖ ਸਕੱਤਰ (ਏ.ਸੀ.ਐਸ.) ਤੇਜਵੀਰ ਸਿੰਘ ਨੇ ਵਿਭਾਗ ਦੀ ਜ਼ਿੰਮੇਵਾਰੀ ਨੂੰ ਉਜਾਗਰ ਕਰਦਿਆਂ ਕੁਸ਼ਲ ਸੇਵਾਵਾਂ ਪ੍ਰਦਾਨ ਕਰਨ ਲਈ ਸਮੂਹ ਸਟਾਫ਼ ਤੋਂ ਪੇਸ਼ੇਵਰ ਵਚਨਬੱਧਤਾ ਦੀ ਮੰਗ ਕੀਤੀ।

ਉਨ੍ਹਾਂ ਪੁਸ਼ਟੀ ਕੀਤੀ ਕਿ ਵਿਭਾਗ, ਆਧੁਨਿਕ ਅੱਗ ਬੁਝਾਊ ਯੰਤਰਾਂ ਨਾਲ ਲੈਸ ਹੈ ਅਤੇ ਨਾਲ ਹੀ ਅਧਿਕਾਰੀਆਂ ਨੂੰ ਇਹ ਅਪੀਲ ਵੀ ਕੀਤੀ ਕਿ ਉਹ ਕਿਸੇ ਵੀ ਵਾਧੂ ਜ਼ਰੂਰਤ ਸਬੰਧੀ ਤੁਰੰਤ ਰਿਪੋਰਟ ਕਰਨ। ਉਨ੍ਹਾਂ ਕਿਹਾ ਕਿ ਸਮੂਹ ਸਟਾਫ਼ ਲਈ ਜਵਾਬਦੇਹੀ ਨੂੰ ਯਕੀਨੀ ਬਣਾਉਣ ਵਾਸਤੇ ਡਿਊਟੀ ਰੋਸਟਰ ਵੀ ਮੇਨਟੇਨ ਕੀਤਾ ਜਾਵੇ। ਪੰਜਾਬ ਫਾਇਰ ਬ੍ਰਿਗੇਡ ਵਿਭਾਗ ਨੇ ਐਮਰਜੈਂਸੀ ਦੌਰਾਨ ਤੁਰੰਤ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ 112 ਸੰਪਰਕ ਨੰਬਰ ਪਹਿਲਾਂ ਹੀ ਜਾਰੀ ਕੀਤਾ ਹੋਇਆ ਹੈ। ਇਸਦੇ ਨਾਲ ਹੀ ਵਿਭਾਗ ਨੇ ਆਪਣੇ ਜ਼ਿਲ੍ਹਾ ਅਧਿਕਾਰੀਆਂ ਦੇ ਸੰਪਰਕ ਨੰਬਰ ਜਾਰੀ ਕੀਤੇ ਹਨ। ਲੋੜ ਪੈਣ 'ਤੇ ਨਾਗਰਿਕ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।

# ਜਲੰਧਰ ਦਿਹਾਤੀ ਪੁਲਿਸ ਨੇ ਨਸ਼ਾ ਤਸਕਰ ਤੇ ਗੈਂਗਸਟਰ ਦੀ ਨਾਜਾਇਜ਼ ਉਸਾਰੀ ਢਾਹੀ

## ਮੁਲਜ਼ਮ ਖਿਲਾਫ਼ ਨਸ਼ਾ ਤਸਕਰੀ, ਇਰਾਦਾ ਕਤਲ ਸਮੇਤ ਵੱਖ-ਵੱਖ ਥਾਣਿਆਂ 'ਚ 21 ਮੁਕੱਦਮੇ ਦਰਜ



ਜਲੰਧਰ, 9 ਮਈ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਪਹਿਲਕਦਮੀ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜਲੰਧਰ ਦਿਹਾਤੀ ਪੁਲਿਸ ਨੇ ਅੱਜ ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਅਤੇ ਐਸ.ਪੀ. ਸਰਬਜੀਤ ਰਾਏ ਦੀ ਅਗਵਾਈ ਵਿੱਚ ਕਾਰਵਾਈ ਕਰਦਿਆਂ ਇਕ ਨਸ਼ਾ ਤਸਕਰ ਵੱਲੋਂ ਕੀਤੀ ਨਾਜਾਇਜ਼ ਉਸਾਰੀ ਨੂੰ ਢਾਹ ਦਿੱਤਾ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਨਸ਼ਾ ਤਸਕਰ ਅਤੇ ਗੈਂਗਸਟਰ ਵਿਜੈ ਮਸੀਹ ਵਾਸੀ ਮੁਹੱਲਾ ਉੱਚੀ ਘਾਟੀ ਫਿਲੌਰ, ਜੋ ਕਿ ਥਾਣਾ ਫਿਲੌਰ ਦਾ ਹਿਸਟਰੀ ਸ਼ੀਟਰ ਹੈ, ਖਿਲਾਫ਼ ਨਸ਼ਾ ਤਸਕਰੀ, ਇਰਾਦਾ ਕਤਲ ਆਦਿ ਵੱਖ ਵੱਖ ਧਾਰਾਵਾ ਤਹਿਤ ਵੱਖ-ਵੱਖ ਥਾਣਿਆਂ ਵਿੱਚ ਕੁੱਲ 21 ਮੁਕੱਦਮੇ ਦਰਜ ਹਨ। ਉਨ੍ਹਾਂ ਦੱਸਿਆ ਕਿ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਾਰਵਾਈ ਕਰਦਿਆਂ ਮੁਲਜ਼ਮ ਵਿਜੈ ਮਸੀਹ ਦੀ ਦੁਕਾਨ ਨੂੰ ਢਾਹਿਆ ਗਿਆ ਹੈ ਅਤੇ ਈ.ਓ. ਫਿਲੌਰ ਪਾਸੋਂ ਨਾਜਾਇਜ਼ ਕੀਤੀ ਗਈ ਉਸਾਰੀ ਸਬੰਧੀ ਯੋਗ ਆਰਡਰ ਲਏ ਗਏ ਸਨ। ਜ਼ਿਕਰਯੋਗ ਹੈ ਕਿ ਮੁਲਜ਼ਮ ਵੱਲੋਂ ਫਿਲੌਰ ਸ਼ਹਿਰ ਵਿੱਚ ਨਸ਼ਾ ਵੇਚ ਕੇ ਖ਼ਰੀਦ ਕੀਤੀ ਡੇਢ ਕਿੱਲੇ ਜ਼ਮੀਨ ਪਹਿਲਾਂ ਹੀ ਨਵੀਂ ਦਿੱਲੀ ਦੀ ਕੰਪੀਟੈਂਟ ਅਥਾਰਟੀ ਵੱਲੋਂ ਫਰੀਜ਼ ਕਰਵਾਈ ਜਾ ਚੁੱਕੀ ਹੈ। ਐਸ.ਐਸ.ਪੀ. ਨੇ ਕਿਹਾ ਕਿ ਜਲੰਧਰ ਦਿਹਾਤੀ ਪੁਲਿਸ ਵੱਲੋਂ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਅਜਿਹੀਆਂ ਕਾਰਵਾਈਆਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ। ਉਨ੍ਹਾਂ ਲੋਕਾਂ ਨੂੰ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਦੀ ਜਾਣਕਾਰੀ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸਬੰਧੀ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 9779-100-200 'ਤੇ ਸੂਚਨਾ ਦਿੱਤੀ ਜਾ ਸਕਦੀ ਹੈ ।ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

# ਤਰਨਤਾਰਨ ਤੋਂ 5 ਕਿਲੋ ਹੈਰੋਇਨ, ਸੱਤ ਪਿਸਤੌਲਾਂ ਅਤੇ 7.2 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਦੋ ਗ੍ਰਿਫ਼ਤਾਰ



ਚੰਡੀਗੜ੍ਹ/ਤਰਨਤਾਰਨ, 9 ਮਈ (ਪੱਤਰ ਪ੍ਰੇਰਕ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ ਤਰਨਤਾਰਨ ਪੁਲਿਸ ਨੇ ਅੰਤਰਰਾਸ਼ਟਰੀ ਨਾਰਕੋ-ਅੱਤਵਾਦ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਲਵਪ੍ਰੀਤ ਸਿੰਘ ਉਰਫ਼ ਲਵ ਅਤੇ ਜਗਰੂਪ ਸਿੰਘ ਵਜੋਂ ਹੋਈ ਹੈ, ਜੋ ਤਰਨਤਾਰਨ ਦੇ ਪਿੰਡ ਫਤਿਹ ਚੱਕ ਦੇ ਰਹਿਣ ਵਾਲੇ ਹਨ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਵਿੱਚੋਂ 5 ਕਿਲੋ ਹੈਰੋਇਨ, ਸੱਤ ਆਧੁਨਿਕ ਪਿਸਤੌਲ- ਜਿਨ੍ਹਾਂ ਵਿੱਚ ਚਾਰ .30 ਬੋਰ ਬ੍ਰੇਟਾ, ਦੋ ਪੀਐਕਸ 5 ਅਤੇ ਇੱਕ .30 ਬੋਰ ਸਟਾਰ ਮਾਰਕ ਸ਼ਾਮਲ ਹੈ, ਦੇ ਨਾਲ 7.20 ਲੱਖ ਰੁਪਏ ਦੀ ਡਰੱਗ ਮਨੀ ਅਤੇ ਕਰੰਸੀ ਗਿਣਨ ਵਾਲੀ ਮਸ਼ੀਨ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ ਪੁਲਿਸ ਨੇ ਉਨ੍ਹਾਂ ਦੀ ਹੈਚਬੈਕ ਹੁੰਡਈ ਆਈ20 ਕਾਰ ਨੂੰ ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਦੋਸ਼ੀ ਲਵਪ੍ਰੀਤ ਸਿੰਘ ਉਰਫ਼ ਲਵ ਪਾਕਿਸਤਾਨ ਸਥਿਤ ਤਸਕਰਾਂ ਅਤੇ ਉਸਦੇ ਵਿਦੇਸ਼ੀ ਹੈਂਡਲਰਾਂ ਨਾਲ ਸਿੱਧੇ ਸੰਪਰਕ ਵਿੱਚ ਸੀ। ਉਨ੍ਹਾਂ ਦੱਸਿਆ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਨਸ਼ਿਆਂ ਦੀਆਂ ਖੇਪਾਂ ਸਰਹੱਦ ਪਾਰੋਂ ਡਰੋਨ ਦੀ ਮਦਦ ਨਾਲ ਸੁੱਟੀਆਂ ਜਾ ਰਹੀਆਂ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤਰਨ ਤਾਰਨ ਅਭਿਮਨਿਊ ਰਾਣਾ ਨੇ ਕਿਹਾ ਕਿ ਭਰੋਸੇਯੋਗ ਸੂਚਨਾਵਾਂ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਡੀਐਸਪੀ ਡਿਟੈਕਟਿਵ ਗੁਰਿੰਦਰਪਾਲ ਸਿੰਘ ਨਾਗਰਾ ਦੀ ਨਿਗਰਾਨੀ ਹੇਠ ਸੀਆਈਏ ਸਟਾਫ ਦੀ ਪੁਲਿਸ ਟੀਮ ਨੇ ਨਿਸ਼ਾਨਾਬੱਧ ਆਪ੍ਰੇਸ਼ਨ ਚਲਾਇਆ ਅਤੇ ਤਰਨ ਤਾਰਨ ਦੇ ਮੋਲਸਰੀ ਪੈਲੇਸ ਦੇ ਨੇੜਿਓਂ ਦੋਵੇਂ ਮੁਲਜ਼ਮਾਂ ਲਵਪ੍ਰੀਤ ਸਿੰਘ ਅਤੇ ਜਗਰੂਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਐਸਐਸਪੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਮੁਲਜ਼ਮ ਲਵਪ੍ਰੀਤ ਨੇ ਖੁਲਾਸਾ ਕੀਤਾ ਕਿ ਤਰਨ ਤਾਰਨ ਦੇ ਝਬਾਲ ਚੌਂਕ ਨੇੜੇ ਗ੍ਰੀਨ ਐਵੇਨਿਊ ਵਿਖੇ ਉਸਨੇ ਕਿਰਾਏ 'ਤੇ ਘਰ ਲਿਆ ਹੋਇਆ ਹੈ, ਜਿਸਨੂੰ ਉਹ ਨਸ਼ਿਆਂ ਅਤੇ ਹਥਿਆਰਾਂ ਦਿਆਂ ਖੇਪਾਂ ਲੁਕਾਉਣ ਲਈ ਇੱਕ ਸੁਰੱਖਿਅਤ ਪਨਾਹਗਾਹ ਵਜੋਂ ਵਰਤ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਤੋਂ ਹੁਣ ਤੱਕ ਪ੍ਰਾਪਤ ਕੀਤੇ ਗਏ ਨਸ਼ਿਆਂ ਅਤੇ ਹਥਿਆਰਾਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਲਈ ਸਪਲਾਇਰਾਂ, ਡੀਲਰਾਂ, ਖਰੀਦਦਾਰਾਂ ਅਤੇ ਹਵਾਲਾ ਹੈਂਡਲਰਾਂ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਸਬੰਧੀ ਤਰਨਤਾਰਨ ਸਿਟੀ ਪੁਲਿਸ ਥਾਣੇ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21(ਸੀ), 23, 25 ਅਤੇ 27(ਏ) ਅਤੇ ਅਸਲਾ ਐਕਟ ਦੀ ਧਾਰਾ 25(8) ਤਹਿਤ ਐਫਆਈਆਰ ਨੰਬਰ 109 ਮਿਤੀ 08 ਮਈ, 2025 ਦਰਜ ਕੀਤੀ ਗਈ ਹੈ।

# ਲੋੜ ਪੈਣ 'ਤੇ ਕੀਤਾ ਜਾਵੇਗਾ ਜ਼ਿਲ੍ਹਾ ਪਟਿਆਲਾ ਵਿੱਚ ਬਲੈਕਆਊਟ : ਜ਼ਿਲ੍ਹਾ ਮੈਜਿਸਟਰੇਟ

## ਸਾਰੇ ਸਿਨੇਮਾ ਹਾਲ, ਸ਼ਾਪਿੰਗ ਮਾਲ ਸ਼ਾਮ 8:00 ਵਜੇ ਤੋਂ ਸਵੇਰੇ 06:00 ਵਜੇ ਤੱਕ ਬੰਦ ਰਹਿਣਗੇ- ਡਾ. ਪ੍ਰੀਤੀ ਯਾਦਵ



ਪਟਿਆਲਾ, 9 ਮਈ (ਚਰਨਜੀਤ ਚੰਨੀ)-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਡਾ. ਪ੍ਰੀਤੀ ਯਾਦਵ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਦੇ ਤਹਿਤ ਨਵੇਂ ਆਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਅਤੇ ਪਾਕਿਸਤਾਨ ਤੋਂ ਸੰਭਾਵੀ ਹਵਾਈ ਹਮਲੇ ਦੇ ਖ਼ਤਰੇ ਨੂੰ ਦਰਸਾਉਂਦੇ ਖੁਫੀਆ ਜਾਣਕਾਰੀ ਦੇ ਮੱਦੇਨਜ਼ਰ, ਰਾਤ ਦੇ ਸਮੇਂ ਦੌਰਾਨ ਪੂਰੀ ਤਰ੍ਹਾਂ ਬਲੈਕਆਊਟ ਦੀ ਲੋੜ ਹੋ ਸਕਦੀ ਹੈ। ਇਸ ਲਈ ਜਦੋਂ ਵੀ ਕੋਈ ਅਜਿਹੀ ਸਥਿਤੀ ਪੈਦਾ ਹੁੰਦੀ ਹੈ ਤਾਂ ਪਟਿਆਲਾ ਜ਼ਿਲ੍ਹੇ ਵਿੱਚ ਬਲੈਕ ਆਊਟ ਐਲਾਨਿਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀ ਸਥਿਤੀ ਵਿੱਚ ਇਨਵਰਟਰ, ਜਨਰੇਟਰ ਅਤੇ ਬਾਹਰੀ ਲਾਈਟਾਂ, ਬਿੱਲ ਬੋਰਡ, ਸਟਰੀਟ ਲਾਈਟਾਂ, ਸੋਲਰ ਲਾਈਟਾਂ ਆਦਿ ਲਈ ਵਰਤੇ ਜਾਣ ਵਾਲੇ ਕਿਸੇ ਵੀ ਹੋਰ ਪਾਵਰ ਬੈਕਅੱਪ ਦੀ ਵਰਤੋਂ ਜ਼ਿਲ੍ਹਾ ਪਟਿਆਲਾ ਵਿੱਚ ਕਿਸੇ ਵੀ ਅੱਤਵਾਦੀ/ਡਰੋਨ ਹਮਲੇ ਨੂੰ ਸੱਦਾ ਦੇ ਸਕਦੀ ਹੈ। ਇਸ ਤੋਂ ਇਲਾਵਾ ਜਨਤਕ ਸੁਰੱਖਿਆ ਅਤੇ ਰਣਨੀਤਕ ਹਿੱਤਾਂ ਦੀ ਰੱਖਿਆ ਦੇ ਮੱਦੇਨਜ਼ਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਮੌਜੂਦਾ ਸਥਿਤੀ ਨੂੰ ਦੇਖਦੇ ਹੋਏ, ਆਮ ਲੋਕਾਂ ਦੀ ਸੁਰੱਖਿਆ ਅਤੇ ਜਾਨ-ਮਾਲ ਦੀ ਸੁਰੱਖਿਆ ਲਈ ਸਿਨੇਮਾਘਰਾਂ ਅਤੇ ਸ਼ਾਪਿੰਗ ਮਾਲ ਵਰਗੀਆਂ ਜਨਤਕ ਥਾਵਾਂ ਨੂੰ ਵੀ ਬੰਦ ਕਰਨ ਦਾ ਸਮਾਂ ਨਿਰਧਾਰਤ ਕਰਨਾ ਜ਼ਰੂਰੀ ਹੋ ਗਿਆ ਹੈ, ਤਾਂ ਜੋ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਖ਼ਤਰੇ ਤੋਂ ਬਚਿਆ ਜਾ ਸਕੇ। ਇਸ ਲਈ, ਜ਼ਿਲ੍ਹਾ ਮੈਜਿਸਟ੍ਰੇਟ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਦੇ ਤਹਿਤ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, ਕੁਝ ਲਾਜ਼ਮੀ ਪਾਬੰਦੀਆਂ ਦਾ ਐਲਾਨ ਕੀਤਾ ਹੈ। ਆਪਣੇ ਆਦੇਸ਼ ਵਿੱਚ ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਲੈਕ ਆਊਟ ਦਾ ਐਲਾਨ ਕੀਤੇ ਜਾਣ ਸਮੇਂ ਇਨਵਰਟਰ, ਜਨਰੇਟਰ ਅਤੇ ਬਾਹਰੀ ਲਾਈਟਾਂ, ਬਿੱਲ ਬੋਰਡ, ਸਟਰੀਟ ਲਾਈਟਾਂ ਆਦਿ ਲਈ ਵਰਤੇ ਜਾਣ ਵਾਲੇ ਕਿਸੇ ਵੀ ਹੋਰ ਪਾਵਰ ਬੈਕਅੱਪ ਅਤੇ ਸੋਲਰ ਲਾਈਟਾਂ ਦੀ ਵਰਤੋਂ 'ਤੇ ਅਗਲੇ ਹੁਕਮਾਂ ਤੱਕ ਪੂਰੀ ਤਰ੍ਹਾਂ ਪਾਬੰਦੀ ਰਹੇਗੀ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਸਾਰੇ ਸਿਨੇਮਾ ਹਾਲ, ਸ਼ਾਪਿੰਗ ਮਾਲ ਅਗਲੇ ਹੁਕਮਾਂ ਤੱਕ ਸੂਰਜ ਡੁੱਬਣ ਤੋਂ ਸੂਰਜ ਚੜ੍ਹਨ ਤੱਕ ਯਾਨੀ ਸ਼ਾਮ 8:00 ਵਜੇ ਤੋਂ ਸਵੇਰੇ 06:00 ਵਜੇ ਤੱਕ ਬੰਦ ਰਹਿਣਗੇ। ਜ਼ਿਲ੍ਹਾ ਮੈਜਿਸਟਰੇਟ ਨੇ ਸ਼ਾਮ ਦੇ ਸਮੇਂ ਦੌਰਾਨ ਪਟਾਕਿਆਂ ਅਤੇ ਲੰਬੀ ਬੀਮ ਲੇਜ਼ਰ/ਡੀਜੇ ਲਾਈਟਾਂ ਦੀ ਵਰਤੋਂ 'ਤੇ ਵੀ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਹੈ ਕਿ ਉਹ ਸ਼ਾਮ ਦੇ ਸਮੇਂ, ਆਪਣੇ ਘਰਾਂ ਤੋਂ ਬਾਹਰ ਨਾ ਨਿਕਲਣ, ਜਦੋਂ ਤੱਕ ਕਿ ਜ਼ਰੂਰੀ ਨਾ ਹੋਵੇ। ਜੇਕਰ ਕੋਈ ਸਾਇਰਨ/ਸਿਗਨਲ ਵੱਜਦਾ ਹੈ, ਜਾਂ ਪ੍ਰਸ਼ਾਸਨ ਵੱਲੋਂ ਕਿਸੇ ਢੰਗ ਨਾਲ ਲੋਕਾਂ ਸੂਚਨਾ ਦਿੱਤੀ ਜਾਂਦੀ ਹੈ ਤਾਂ ਜਨਤਾ ਨੂੰ ਸਮੇਂ-ਸਮੇਂ 'ਤੇ ਸਰਕਾਰ ਦੁਆਰਾ ਜਾਰੀ ਹਦਾਇਤਾਂ ਦੀ ਤੁਰੰਤ ਪਾਲਣਾ ਕਰਦਿਆਂ ਲੋਕਾਂ ਨੂੰ ਰੋਸ਼ਨੀ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ। ਅੱਜ ਮਿਤੀ 09 ਮਈ 2025 ਤੋਂ ਅਗਲੇ ਹੁਕਮਾਂ ਤੱਕ ਲਾਗੂ ਰਹਿਣ ਵਾਲੇ ਇਹ ਹੁਕਮ ਪੁਲਿਸ, ਪੈਰਾ-ਮਿਲਟਰੀ, ਹਵਾਈ ਸੈਨਾ, ਐਸ.ਪੀ.ਜੀ. ਕਰਮਚਾਰੀਆਂ ਅਤੇ ਸਮਰੱਥ ਸਰਕਾਰੀ ਅਥਾਰਟੀ ਦੁਆਰਾ ਅਧਿਕਾਰਤ ਵਿਅਕਤੀਆਂ ਸਮੇਤ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਹਸਪਤਾਲਾਂ ਅਤੇ ਐਮਰਜੈਂਸੀ ਸੇਵਾਵਾਂ ਆਦਿ 'ਤੇ ਲਾਗੂ ਨਹੀਂ ਹੋਵੇਗਾ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਸੰਕਟਕਾਲੀਨ ਸਥਿਤੀ ਅਤੇ ਸਮੇਂ ਦੀ ਘਾਟ ਨੂੰ ਦੇਖਦੇ ਹੋਏ, ਇਹ ਹੁਕਮ ਇੱਕਤਰਫਾ ਜਾਰੀ ਕੀਤਾ ਜਾ ਰਿਹਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਗਿਆ ਹੈ।

